ਕੋਟੇ ਬਨਾਏ ਯਾ ਲੱਸੀ ਤਾਜ਼ੀ ਯਾ ਜਰਦੀ ਆਂਡੇ ਦੀ ਚੀਕ
ਹੂੰਨੀ ਅਰ ਜੇਕਰਗਜ਼ਾਖਾਨੇਕੇਬਾਦਜਦ ਚਾਰਘੜੀਆਂ ਗੁਜ਼
ਰਨ ਇਕ ਵੇਰੀ ਫੇਰ ਹਮਾਮ ਵਿਚ ਲੈਜਾਏ ਪੂਰਾ ਫਾਇਦਾ
ਕਰਤਾ ਹੈ ਅਰ ਚਾਹੀਏ ਕਿ ਹਮਾਮਦੇ ਲੈ ਜਾਨੇ ਮੈਂ ਅਰ
ਆਬਜਨ ਕੇ ਬਠਾਨੇ ਮੈਂ ਬੀਮਾਰ ਨੂ ਕੋਈ ਹਰਜ ਨਾ ਹੋ
ਏਥੋਂ ਤਕ ਕਿ ਜੇਕਰ ਆਬਜਨ ਮੈਂ ਆਨੇ ਸੇ ਤਕਲੀਫ ਹੋ
ਚਾਹੀਏ ਕਿ ਇਕ ਥੈਲੇ ਮੈਂ ਬਠਲਾਕਰ ਥੈਲੇਕੋਦੋਨੋ ਤਰਫੋਂ
ਸੇ ਪਕੜ ਕਰ ਉਠਾਏ ਅਰ ਗਰਦਨ ਤਕ ਪਾਨੀ ਮੈਂ ਨਿ-
ਲਾਏ ਅਰ ਏਸਤਰਾਂ ਦੋ ਤਿੰਨ ਵਾਰ ਬਠਲਾਏ ਅਰ ਬਠ-
ਕਾਲ ਲਵੇ ਅਰ ਛੇਤੀ ਬਾਹਰ ਨਿਕਲ ਆਏ ਤਾ ਕਿ ਨਤਾ
ਕਤ ਨਾ ਹੋ ॥ ਫਾਇਦਾ ॥ ਦੁਧ ਅਰ ਲਸੀਕੇਬਿਆਨ ਵਿਚ
ਜੋ ਤਪ ਦਿਕ ਵਿਚ ਵਰਤਦੇ ਹਨ ਉਸ ਵਿਖੇ ਏਹ ਸ਼ਰਤਾਂ
ਹਨ ਕਿ ਜੇਕਰ ਉਨਾਂਦੀ ਰਿਆਇਤ ਨਾ ਕਰੇ ਤਾਂ ਉਸ
ਵਿਚ ਨਾਰਾਜਗੀ ਆਉਂਦੀਹੈ ਅਰ ਆਖਰ ਵਬਾਲ ਆਉਂ-
ਦਾ ਹੈ ਪਹਿਲੀ ਸ਼ਰਤ ਏਹ ਹੈ ਕਿ ਕੋਈ ਦੂਸਰੇ ਤਪ ਦਿਕ
ਦੇ ਨਾਲ ਮਿਲ ਨਾ ਜਾਵੇ ਦੂਸਰੀ ਸਰਤ ਏਹ ਹੈ ਕਿ ਕੋਈ
ਵਾਧੂ ਮਾਦਾ ਸਰੀਰ ਵਿਚ ਨਾ ਹੋ ਜੋ ਗੰਦਾ ਹੋਜਾਏ ਤੀਸਰੀ
ਸਰਤ ਏਹ ਹੈ ਕਿ ਦਿਕ ਦੇ ਸਿਵਾ ਕੋਈ ਹੋਰ ਦੁਖ ਐਸਾ
ਨਹੀਂ ਹੋਵੇ ਜਿਸਨੂ ਦੁਧ ਅਰ ਦਹੀਂ ਨੁਕਸਾਨ ਕਰੇ ਚੌਥੀ
ਸ਼ਰਤ ਏਹ ਹੈ ਕਿ ਬੀਮਾਰ ਦੀ ਤਬੀਯਤ ਐਸੀ ਨਾ ਹੋ ਕਿ
ਦੁਧ ਪੀਨੇ ਸੇ ਬਹੁਤ ਦਸਤ ਆਨੇ ਲਗੇਂ ॥ ਪੰਜਵੀਂ ਸ਼ਰਤ

ਏਹ ਹੈ ਕਿ ਪਿਲਾਨੇ ਕੇ ਬਾਦ ਬੀਮਾਰ ਕੋ ਐਸੀ ਚੀਜ ਸੇ ਮਨੇ ਕਰੇ ਜਿਸਸੇ ਦੁਧ ਮੇਧੇ ਵਿਚ ਬੱਝ ਜਾਏ ਅਰ ਮਦਕੂਕ ਕੇ ਲੀਏ ਸਭ ਕਿਸਮਕੇਦੂਧਸੇ ਚੰਗਾਇਸਤ੍ਰੀਕਾ ਦੁਧਹੈ ਫਿਰ ਗਧੀ ਕਾ ਦੁਧ ਫਿਰ ਬਕਰੀਕਾ ਦੂਧ ਔਰ ਗਧੀ ਦੇ ਦੁਧ ਮੈਂ ਬੂਛਸ਼ਰਾਇਤਹੈ ਇਕਤਾਂ ਏਹ ਕਿ ਉਸਕੇ ਜਨਨੇ ਪਰ ਚਾਰ ਮਹੀਨੇ ਗੁਜਰੇ ਅਰ ਤੰਦਰੁਸਤ ਅਰ ਜਵਾਨ ਅਰ ਤਕੜੀ ਹਾਜਮਾ ਹੋ ਅਰ ਸਾਰਿਆਂ ਹਵਾਨਾਂ ਕੀ ਕੁਵਤ ਹਾਜਮਾ ਕਾ ਯੇਹ ਨਿਸ਼ਾਨ ਹੈ ਕਿ ਉਸ ਕੀ ਗੋਬਰ ਮੈਂ ਬਹੁਤੀ ਬਦਬੋ ਨਾ ਹੋ ਅਰ ਖੁਸ਼ਕੀ ਅਰ ਤਰੀ ਮੈਂ ਮੁਅਤਦਿਲ ਹੋ ॥ ਦੂਸਰੀ ਸ਼ਰਤ ਯੇਹ ਹੈ ਗਧੀ ਦਾ ਦੁਧ ਕੇ ਦੇਨੇ ਮੈ ਜੋ ਇਕ ਪਿਆਲਾ ਗਰਮ ਪਾਨੀਸੇਭਰੇ ਅਰ ਉਸ ਪਿਆਲੇਮੈਂ ਚੀਨੀ ਕਾ ਪਿਆਲਾ ਰਖੇ ਫਿਰ ਉਸ ਵਿਚ ਦੁਧ ਨਿਕਾਲੈ ਅਰ ਨਿਕਾਲਦੇ ਹੀ ਪੀਲੇਵੇ ਜੇਕਰ ਦੋਨਾਂ ਸਰਤਾਂਦੀ ਰਿਆਇਤ ਰਖੇ ਨਹੀ ਤਾਂ ਦੁਖਦਾਇਕ ਹੈ ਅਰ ਜੋਨਸਾ ਦੂਧ ਮਦ ਤਕ ਨੂ ਪਿਲਾਏ ਉਸਦਾ ਅੰਦਾਜਾ ਅਰ ਤਰਕੀਬ ਯੇਹ ਹੈ ਕਿ ਪਹਿਲੇ ਦਿਨ ਅਧਾ ਸਕਰਾ ਦੇਵੇ ਅਰ ਦੂਸਰੇ ਦਿਨ ਇਕ ਸਕਰਾ ਅਰ ਹਰ ਰੋਜ਼ ਅਧਾਸਕਰਾ ਵਧਾਵੇ ਸਤਦਿਨ ਤਕ ਜੈਸਾ ਕਿ ਸਤਵੇਂ ਦਿਨਸਾਢੇ ਤਿੰਨ ਸਕਰੇਆਜਾਏ ਫਿਰ ਸਤ ਦਿਨ ਇਸੀ ਕਦਰ ਰਖੇ ਨਾ ਘਟਾਏ ਨ ਵਧਾਏ ਉਸ ਦੇ ਪਿਛੋਂ ਹਰ ਰੋਜ ਅਧਾ ਸਕਰਾ ਘਟ ਕਰੇ ਅਰ ਜਾਲੀ ਨੂਸ ਕਹਿਤਾ ਹੈ ਕਿ ਦੁਧ ਪਿਲਾਨੇਕੇਬਾਦਇਕਘੜੀ ਗੁਜਰੇ

ਬੀਮਾਰ ਕੀ ਨਬਜ਼ ਦੇਖੋ ਜੇਕਰ ਦੁਧ ਪੀਨੇ ਸੇ ਪਹਿਲੇ ਕੋਲੋਂ ਬਹੁਤੀ ਤਕੜੀ ਅਰ ਭਾਰੀ ਮਲੂਮ ਹੋ ਇਸ ਬਾਤ ਦੀ ਨਿਸਾਨੀ ਹੈ ਕਿ ਦੁਧ ਖੂਬ ਹਜਮ ਹੋਇਆ ਹੈ ਅਰ ਫਸਾਦੀ ਨਹੀ ਹੋਇਆ ਫਿਰ ਦੂਜੇਦਿਨ ਬਹੁਤਾ ਦੇਨਾ ਚਾਹੀਏ ਅਰ ਜੇਕਰ ਨਤਾਕਤੀ ਯਾ ਮੁਖਤਲਿਫ ਯਾ ਭਾਰੀ ਅਰ ਧੀਮੀ ਮਾਲੂਮ ਹੋਵੇ ਇਸ ਬਾਤ ਦੀ ਦਲੀਲ ਹੈ ਕਿ ਦੁਧ ਫਸਾਦੀ ਹੋਵੇ ਹੈ ਅਰ ਦੁਧ ਕੇ ਪਿਲਾਨੇ ਮੇਂ ਠਹਿਰ ਜਾਏ ਅਰ ਜਦ ਕਦੀ ਦੁਧ ਪਿਲਾਨੇ ਵਿਚ ਗਰਮੀ ਮਾਲੂਮ ਹੋ ਅਰ ਤਪ ਕੇ ਲਛਣ ਮਾਲੂਮ ਹੋਨ ਦੁਧਨੂ ਬੰਦ ਕਰਨਾ ਵਾਜਬ ਹੈ ਅਰ ਉਸਦੀ ਜਗਾ ਖੀਰਿਆਂ ਦਾ ਪਾਣੀ ਅਰ ਤਰਬੂਜ ਦਾ ਪਾਣੀ ਅਰ ਖੁਰਫੇ ਦੇ ਬੀਜਾਂਦਾ ਪਾਣੀ ਅਰ ਕੁਰਸ ਕਾਫੂਰ ਦੇਵੇ॥ ਖਬਰਦਾਰੀ॥ ਜਿਥੇ ਕਿਤੇ ਦੁਦ ਕੇ ਪਿਲਾਨੇ ਸੇ ਗੰਦ ਪੈਦਾ ਹੋਵੇ ਸਰਬਤ ਆਲੂ ਬੁਖਾਰੇ ਦਾ ਅਰ ਸਰਬਤ ਬਨਫਸਾ ਅਰ ਮੇਵਿਆਂਦੇ ਪਾਣੀ ਨਾਲ ਤਬਾਨੂ ਨਰਮਕਰਨਾਚੰਗਾਹੈ ਅਰ ਇਸ ਬਾਤ ਕਾ ਪਰਹੇਜ ਜੋ ਦੁਧ ਮੇਧੇ ਵਿਚ ਪਨੀਰ ਨਾ ਹੋਜਾਵੇ ਇਸਤਰਾਂ ਪਰ ਹੈ ਕਿ ਜਿਸ ਕਦਰ ਦੇਨਾ ਮਨ ਜੂਰ ਹੋਵੇ ਬਹੁਤ ਵਾਰੀ ਦੇਵੇ ਅਰ ਕੁਛਕ ਨਿਮਕ ਅਰ ਸਹਿਤ ਉਸ ਵਿਚ ਰਲਾਏ ਅਰ ਕਹਿਤੇ ਹੈਂ ਕਿ ਸਕਰ ਸਹਿਤ ਸੇ ਚੰਗੀ ਹੈ ਅਰ ਜਿਥੇ ਤਬਾ ਨਰਮ ਹੋਵੇ ਲੂਣ ਨਾ ਰਲਾਵੇ ਅਰ ਸਕਰ ਥੋੜੀ ਅਰ ਜਿਸ ਦਿਨ ਦੁਧ ਪਿਲਾਵੇ ਅਰ ਯਾ ਪਿਲਾਨੇ ਕਾ ਇਰਾਦਾ ਹੋਵੇ ਮਛਲੀ

ਸੇ ਮਨਾ ਕਰੇ ਅਰ ਖਟਿਆਈ ਭੀ ਨਾ ਦੇਵੇ ਅਰ ਇਕ ਜਮਾਇਤ ਦੇ ਨੇੜੇ ਹੈ ਜੋ ਇਕ ਹਿਸਾ ਦੁਧ ਅਰ ਦੋ ਹਿਸੇ ਮੀਂਹ ਦਾ ਪਾਨੀ ਰਲਾਕੇ ਉਬਾਲਾ ਦੇਵੇ ਜਦ ਅਧਾ ਬਾਕੀ ਰਹੇ ਸਕਰ ਮਿਲਾਕਰ ਦੇਵੇ ਪੂਰਾ ਫਾਇਦਾ ਕਰਦਾ ਹੈ ਅਰ ਜਿਥੇ ਕਿਤੇ ਕਿ ਤਬੀਯਤ ਨਰਮ ਹੋ ਅਰ ਨਤਾਕਤੀ ਪੈਦਾ ਕਰੇ ਦੁਧ ਨਾ ਪਿਲਾਨਾ ਚਾਹੀਏ ਅਰ ਦੁਧਦੀ ਜਗਾ ਤਾਜੀ ਲੱਸੀ ਮਖਣ ਨਿਕਾਲ ਕਰ ਲੋਹੇ ਸੇ ਬੁਝਾਕਰ ਅਰ ਕਬਜ ਚੀਜ ਜੈਸੇ ਤਬਾਸ਼ੀਰ ਯਾ ਤਰਾਮੀਸ ਡਾਲ ਕਰ ਦੇਨਾ ਚਾਹੀਏ ਤਾਕਿ ਕਬਜ ਕਰੇ ਅਰ ਜੇਕਰ ਤਪਦਿਕ ਦੇ ਨਾਲ ਖੰਘ ਹੋਵੇ ਇਕ ਦਿਰਮ ਕਤੀਰਾ ਦੁਧਅਰਸਕਰਮਿਲਾਕਰ ਦੇਵੇ ਅਰ ਕਿਕਰ ਦਾਂ ਗੂੰਦ ਮੂੰਹ ਮੈਂ ਰਖੇ ਅਰਉਸਦੇਸਿਵਾ ਜੋ ਕੁਛ ਕਿ ਹਾਲਕੇ ਮੁਨਾਸਬ ਹੋ॥ ਮਦਕੂਕ ਕਹੀਏ ਦਿਕ ਵਾਲੇ ਨੂ ਲਸੀ ਦੇਨ ਦਾ ਤਰੀਕਾ ਇਸਤਰਾਂ ਪਰ ਹੈ ॥ ਕਿ ਗੋਕਾ ਦਹੀ ਲੈਕਰ ਰਿੜਕ ਕੇ ਮਖਨ ਕਢ ਲੇਵੇ ਅਰ ਦੋ-ਪਹਿਰ ਤਕ ਰਖ ਛਡੇ ਕਿ ਥੋੜੀ ਜੇਹੀ ਖਟੀ ਹੋ ਜਾਏ ਅਰ ਜਦ ਅਧਾ ਦਿਨ ਗੁਜਰ ਜਾਂਏ ਉਸ ਨੂ ਪਿਲਾਵੇ ਤਾ ਕਿ ਉਸਦਾਂ ਪਾਨੀ ਉਪਰ ਆਗਿਆ ਹੈ ਸਾਰਾ ਉਸ ਵਿਚ ਰਲ-ਜਾਏ ਫਿਰ ਪਕੀ ਰੋਟੀ ਭੁੰਨ ਕਰ ਅਰ ਕੁਟ ਕਰ ਨਰਮ ਕਰੇ ਅਰ ਦਸ ਦਿਰਮ ਤੋਂ ਲੈਕੇ ਤੀਸ ਦਿਰਮ ਤਕ ਲਸੀ ਪਾ ਦੇਵੇ ਕਿ ਖੂਬ ਮਿਲਜ ਵੇਫਿਰ ਰੋਗੀ ਨੂ ਦੇਵੇ ਅਰ ਦੂਸਰੇ ਦਿਨ ਜੇ ਦਿਰਮ ਲਸੀ ਵਧਾਵੇ ਅਰ ਇਕ ਦਿਰਮ ਰੋਟੀ

ਘਟ ਕਰਦੇ ਅਰ ਇਸੇਤਰਾਂ ਪੰਜਦਿਰਮਲਸੀ ਵਧਾਵੇ ਅਰ ਇਕ ਦਿਰਮ ਰੋਟੀ ਘਟਾਈ ਜਾਵੇ ਏਥੋਂ ਤਕ ਕਿ ਰੋਟੀ ਮੁਕ ਜਾਏ ਫਿਰ ਹਮੇਸਾ ਪੰਜ ਦਿਰਮ ਲਸੀ ਘਟਾਏ ਅਰ ਇਕ ਦਿਰਮ ਰੋਟੀ ਵਧਾਵੇ ਏਥੋਂ ਤਕ ਕਿ ਲਸੀ੩੦ ਦਿਰਮ ਅਰ ਰੋਟੀ ਦਸ ਦਿਰਮਪਰਆਜਾਏ ਅਰ ਇਸ ਸਖਸਕੋ ਜੋ ਲਸੀ ਇਕ ਬਹੁਤੇ ਚਿਰ ਤਕ ਦੇਨਾ ਚਾਹੇ ਰੋਟੀ ਅਧੇ ਦਿਰਮ ਸੇ ਵਧਾਵੇ ਅਰ ਇਸੀ ਕਦਰ ਘਟਾਏ॥ਖਬਰਦਾਰੀ॥ ਅੰਦੇਸਾ ਹੋ ਕਿ ਲਸੀ ਦੇ ਸਬਬ ਕੋਈ ਤੱਪ ਯਾ ਮਾਦਾਗਰਮੀਦਾਪੈਦਾਹੋਵੇ ਹੈ ਲਸੀ ਨੂੰ ਕੁਰਸ ਤਬਾਸੀਰ ਦੇ ਨਾਲ ਦੇਨਾਚਾਹੀਏ॥ਬਿਧ ਕੁਰਸ ਤਬਾਸੀਰਦੀ ਜੇੜ੍ਹਾ ਏਥੇ ਕੰਮਆਉਂਦਾਹੈ॥ਤਬਾਸੀਰ ਚਾਰ ਦਿਰਮ ਗੁਲਾਬ ਛੇ ਦਿਰਮ ਖੀਰਿਆਂ ਦੇ ਮਗਜ ਕ-ਦੂਆਂ ਦੀਆਂ ਗਿਰੀਆਂ ਮਿਠੀਆਂ ਖੁਰਫੇ ਦੇ ਬੀਜ ਹਰਇਕ ਤਿੰਨ ਦਿਰਮ ਗੇਰੀ ਸੁਚਾ ਕਪੂਰ ਹਰਇਕ ਦੋ ਦਿਰਮ ਕੁਟ ਛਾਨਕਰ ਬਾਰਤੰਗਕੇਪਾਨੀਮੇਂ ਯਾ ਲੁਆਬ ਈਸਬਗੋਲ ਮੈਂ ਮਿਲਾਏ ਅਰ ਕੁਰਸ ਬਨਾਏ ਵਜਨ ਕੁਰਸ ੧ ਮਿਸਕਾਲ॥ ਫਾਇਦਾ ਦਿਕ ਵਾਲੇ ਕੇ ਅਸਰਬਾ ਅਰ ਅਗਜ਼ੀਆ ਕੀ ਤਦਬੀਰ ਹਰ ਸਵਰ ਕੁਰਸ ਕਾਫੂਰ ਸਰਬਤ ਖਸਖਾਸ ਯਾ ਅਨਾਰਮਿਠੇਦਾ ਪਾਨੀ ਯਾ ਤਰਬੂਜ ਦਾ ਪਾਨੀ ਯਾ ਕਦੂਦਾ ਪਾਨੀ ਯਾ ਖੀਰਿਆਂਦੇ ਪਾਨੀ ਨਾਲ ਯਾ ਸਰਬਤਮਿਸਰੀਦੇ ਨਾਲ ਅਰ ਜਦ ਸੂਰਜ ਨਿਕਲੇ ਕਸਕਾਬ ਸਰਤਾਨੀ ਮਿਠੇ ਅਨਾਰਾਂ ਦੇ ਪਾਨੀ ਨਾਲ ਯਾ ਸਰਬਤ ਮਿਲਾਕਰ ਪਿਲਾਏ

ਅਰ ਜਦ ਕਸਕਾਬ ਦੇਨੇ ਦੇ ਪਿਛੇ ਚਾਰ ਘੜੀਆਂ ਗੁਜਰਨ ਸ਼ਰਬਤ ਉਨਾਬ ਯਾ ਸ਼ਰ . ਤ ਖਸਖਾਸ ਬੀਸਦਿਰਮ ਸਰਦ ਪਾਨੀ ਮੈਂ ਮਿਲਾਕਰ ਪਿਲਾਵੇ ਅਰ ਸੌਨ ਦੇ ਵੇਲੇ ਲੁਆਬ ਈਸਬਗੋਲ ਔਰ ਜਲਾਬ ਸ਼ਰਾਬ ਉਨਾਬ ਦੇ ਸਾਥ ਯਾ ਖੁਰਫੇ ਦੇ ਬੀਜਾਂ ਦਾ ਪਾਣੀ ਤੇ ਸ਼ਕਰ ਅਰਬਾਦਾਮ ਰੋਗਨ ਅਰ ਲੁਆਬ ਬੀਹਦਾਨਾ ਅਰ ਸ਼ਰਬਤ ਦੇਵੇ ॥ ਖਬਰਦਾਰੀ॥ ਅਸਰਬਾ ਉਪਰਲਾ ਉਸ ਵੇਲੇ ਦੇਵੇ ਜੋ ਮੇਧਾ ਨਤਾਕਤਾ ੋਵੇ ਅਰ ਨਹੀਂ ਤਾਂ ਅਨਾਰ ਮੀਠੇ ਦੇ ਪਾਣੀ ਦੇ ਸਿਵਾ ਹੋਰ ਕੁਛ ਨਹੀਂ ਦੇ ਸਕਤੇ ॥

ਕਸਕਾਬ ਸਰਤਾਨੀ ਕੀ ਤਰਕੀਬ

ਸਰਤਾਨ ਜਿਸਨੂ ਖਰਚੰਗ ਫਾਰਸੀ ਮੈ ਅਰ ਹਿਦੀ ਮੈ ਕੇਕੜਾ ਕਹਿੰਦੇ ਹਨ ਮਿਠੇ ਪਾਣੀ ਵਗ ੇਵਿਚੋਂ ਮੰਗਾਕਰ ਉਸਦੀਆਂ ਸਾਖਾ ਅਰ ਪੈਰਾਂ ਨੂ ਤੋੜ ਡਾਲੇ ਅਰ ਉਸਕੋ ਨਮਕ ਅਰ ਰਾਖ ਸੇ ਕਈ ਬਾਰ ਧੋਕਰ ਸਾਫ ਕਰੇ ਕਿ ੁਸਦੀ ਬਿਸ ਅਰ ਮੈਲ ਨਿਕਲ ਜਾਏ ਫਿਰ ਕਸਕਾਬ ਮੈ ਡਾਲਕਰ ਪਕਾਏ ਜੈਸਾ ਕਿ ਮਾਮੂਲ ਹੈ ਅਰ ਸਰਤਾਨ ਮਾਦਾ ਚੰਗਾ ਹੁੰਦਾ ਹੈ ਉਸਦੀ ਪਛਾਣ ਏਹ ਹੈ ਉਸ ਵਿਚ ਸੂਈ ਚੋਭੇ ਰਤੂਬਤ ਚਿਟੀ ਦੁਧ ਵਰਗੀ ਨਿਕਲੇ ਅਰ ਜਿਥੇ ਸਰਤਾਨ ਨਾ ਮਿਲੇ ਓਦੀ ਥਾਂ ਉਨਾਬ ਅਰ ਖਸਖਾਸ ਕਸਕਾਬ ਮੈ ਪਕਾਏ ਅਰ ਬਾਦਾਮ ਰੋਗਨ ਪਾਕੇ ਸੁਲਾਵੇ ॥ ਕਸਕਾਬ ਜੋ ਜਬੋਲ ਦੇ ਪਹਿਲ ਵਿਚ ਚੰਗਾ ਹੈ ਕਦੂ ਕਾ ਪਾਨੀ ਲਕਰ ਅਰ ਜਵਾਂ ਦਾ ਕੋਟਾ

ਅਰ ਸਰਤਾਨ ਨਹਿਰੀ ਉਸਮੈਂ ਪਕਾਵੇ ਅਰ ਬਦਾਮ ਰੋਗਨ ਪਾਕਰ ਯਾ ਰੋਗਨ ਕਦੂ ਪਾਕੇ ਦੇਵੇ ਅਰ ਜੇ ਤਬਾ ਨਰਮ ਹੋ ਕੁਰਸ ਖਸਖਾਸ ਦੇਵੇ ॥ ਬਿਧ ਕੁਰਸ ਖਸਖਾਸ ਦੀ ॥ ॥ਖਸਖਾਸ ਦੇ ਬੀਜ ਛਿਟੇ ਮਿਠੇਕਦੂਦੀਆਂ ਗਿਰੀਆਂਖੀਰਿਆਂਦੀਆਂ ਗਿਰੀਆਂਬੀਹਦਾਨਾ ਹਰ ਇਕ ਛੇ ਦਿਰਮ ਕਿਕਰ ਦਾ ਗੂੰਦ ਤਬਾਸ਼ੀਰ ਗੁਲ ਕਿਬਰਸੀ ਬੀਜ ੰਦ ਦੇ ਬੀਜ ਹਰ ਇਕ ਤਿੰਨ ਦਿਰਮ ਨਾਸ਼ਾਸਤਾ ਦੋ ਦਿਰਮ ਗੁਲਾਬਪੰਜ ਦਿਰਮ ਕਾਫੂਰ ਇਕ ਦਿਰਮ ਬੀਜ ਅਰ ਮਗਜਾਂ ਨੂ ਭੁਨ ਲੇਵੇ ਅਰ ਬਾਰੀਕ ਪੀਸ ਕਰ ਕੁਰਸ ਬਨਾਲੇਵੇ ਹਰ ਇਕ ਕੁਰਸ ਦੋ ਦਿਰਮ ਸਵੇਰ ਵੇਲੇ ਇਕ ਕੁਰਸ ਸੇਬ ਯਾ ਬੀਯਾ ਅਮਰੂਦ ਛੀਨੀਕੇ ਪਾਨੀ ਮੈ ਮਿਲਾਕਰ ਦੇਵੈ ਅਰ ਭੁਨੇ ਹੋਏ ਜੌਂ ਕਾ ਕਸਕਾਬ ਬਨਾਏ ਅਰ ਪਕਾਨੇ ਮੈਂ ਕੁਛਕ ਹਬਅਲਾਸ ਅਰ ਬੀਹ ਦੇ ਟੁਕੜੇ ਕਰ ਡਾਲੇ ਅਰ ਪਕਣੇ ਦੇ ਪਿਛੋਂ ਗਿਲ ਇਰਮਨੀ ਅਰ ਸਮਗ ਅਰਬੀ ਬਾਰੀਕ ਬਨਾਕਰ ਕੁਛਕਉਸਮੈਮਿਲਾਏ ਅਰਖਿਲਾਏ॥ ਦੂਸ ਾਕੁਰਸਜੋਦਸਤ ਬੰਦਕਰਤਾਹੈ॥ ਗਿਲਇਰਮਨੀਸਾਹਬਲੋਤਭੁੰਨਿਆਹੋਇਆ ਬੀਜਬੰਦਦੇਬੀਜ ਗੁਲਾਬ ਹਰਇਕਚਾਰ ਦਿਰਮ ਤਬਾਸੀਰ ਸੁਚਾ ਕਪੂਰ ਹਰ ਇਕ ਤਿੰਨ ਦਿਰਮ ਜਰਿਸਕ ਸਾਫ ੬ ਦਿਰਮ ਰਸਤੇ ਮੁਆਫਿਕ ਕੁਰਸਬਨਾਏਅਰ ਰੁੱਬਬੀਹ ਅਰ ਰੁਬ ਸੇਬ ਯਾ ਸ਼ਰਾਬ ਅਮਰੂਦ ਯਾ ਮੌੜਿਆਂਦੀ ਸ਼ਰਾਬ ਦੇ ਨਾਲ ਦੇਵੇ ਅਰ ਰਾਤਦੇ ਵੇਲੇ ਇਕ ਮਿਸਕਾਲਈਸਬਗੋਲ

ਭੁੰਨਾ ਹੋਇਆ ਅਰਅਧਾ ਦਿਰਮਕਿਕਰਦਾ ਗੂੰਦ ਭੁੰਨਿਆਂ ਹੋਇਆਂ ਅਧਾ ਮਿਸਕਾਲ ਗਿਲ ਇਰਮਨੀ ਅਰ ਇਕ ਦਿਰਮ ਸਰਤਾਨ ਰੁਬ ਯਾ ਰੁਬ ਬੀਹਕੇ ਸਾਥ ਦੀਆ ਕਰੇ ਜ਼ਿਨਾ ਕਿ ਸਰੀਰ ਵਿਚ ਕਬਜ ਹੋਵੇ ॥ ਫਾਇਦਾ ॥ ਗਜਾ ਦੀ ਤਦਬੀਰ ਕਿ ਜਿਸ ਵੇਲੇ ਸ਼ਰਬਤਤੇਕਸਕਾਬ ਤੇ ਦੁਧ ਅਰ ਦਹੀਂ ਅਰ ਜੋ ਕੁਛ ਕਿ ਹਜਮ ਹੋ ਜਾਵੇ ਗਜਾ ਦੇਵੇ ਅਰ ਏਹ ਬੀ ਚਾਹੀਦਾ ਹੈ ਕਿ ਗਜਾ ਨੂ ਥੋੜਾ ਥੋੜਾ ਕਈ ਵੇਰੀ ਖਾਵੇ ਕਿ ਗਿਰਾਨੀ ਨਾ ਕਰੇ ਅਰ ਗਰਮੀ ਨਾ ਵਧਾਏ ਅਰ ਏ ਗਜਾਵਾਂ ਏਥੇ ਚੰਗੀਆਂਹੈਨ ਮਾਂਹਦੀ ਧੋਤੀ ਦਾਲ ਕਿ ਉਸਕੇ ਸਾਥ ਕਾਹੂ ਪਾਲਕ ਕਦੂ ਅਰਮਗਜ ਬਾ-ਦਾਮ ਕੁਟਕਰ ਪਕਾਏ ਅਰ ਕਦੂਦਾ ਸਲੂਨਾ ਅਰ ਖੀਰਿਆਂ ਦਾ ਸਲੂਨਾ ਤੇ ਪਾਲਕ ਦਾ ਦੇਣਾਂ ਚੰਗਾ ਹੈ ਅਰ ਜੇਕਰ ਪਕੀ ਰੋਟੀ ਗਰਮ ਪਾਨੀ ਮੈਂ ਤਰਕਰਕੇਫਿਰਉਸਕਾਪਾਨੀ ਗਿਰਾ ਦੇਵੇ ਅਰ ਭਿਜੀ ਹੋਈ ਰੋਟੀ ਨੂ ਠੰਢੇਪਾਨੀ ਮੈਂ ਲ-ਗਾਕਰ ਖਾਏ ਤਪਦੀ ਗਰਮੀ ਚੁਕਲੈਂਦੀ ਹੈ ਅਰ ਜਵਾਂਦਾ ਕੋਟਾ ਜੋ ਲਾਲ ਮਸਰ ਅਰ ਕਦੂ ਅਰ ਕਾਹੂਦੇ ਸਾਗ ਨਾਲ ਇਕਜਗਾ ਪਕਾਏ ਅਰ ਬਾਦਾਮ ਰੋਗਨ ਯਾ ਉਸਦੇ ਪਾਨੀ ਨਾਲ ਦੇਵੇ ਉਸਿਤਰਾਂ ਦਾ ਅਸਰ ਕਰਦਾ ਹੈ ਅਰ ਜੇਕਰ ਬਹੁਤ ਨਤਾਕਤੀਹੋਵੇ ਸਰਦ ਪਾਨੀ ਸ਼ਰਾਬ ਮੈਂ ਪਿਲਾਏ ਇਸਤਰਾਂ ਪਰ ਕਿ ਸਰਾਬ ਇਕ ਹਿਸਾ ਅਰ ਪਾਨੀ ਤਿੰਨ ਹਿਸੇ ਹੋਨ ਅਰ ਜਿਥੇ ਸਫਰਾ ਦਾ ਜੋਰ ਹੋਵੇ ਮਸੂਜ ਤਿਤਰ

ਬਟੇਰਾ ਅਰ ਘਰੇਗੀ ਕੁਕੜ ਦਾ ਬੱਚਾ ਅਰ ਹਲਾਮ ਅਰ ਕਰੀਜ਼ ਲੇਲੇਦਾ ਅਰ ਗੋਸ਼ਾਲੇ ਕੇ ਗੋਸਤ ਕਾ ਅਰ ਮਛੀ ਦੇ ਪੂੰਗ ਮਸੂਜ ਬਨਾਕਰਚੰਗਾਹੈ ਅਰ ਕੁਕੜਦੇਆਂਡੇਦੀ ਜਰ-ਦੀ ਕਚੀ ਭੁੰਨੀ ਬੜੀ ਚੰਗੀ ਹੈ ਅਰ ਦਹੀਂ ਲੂਣ ਵਾਲੇ ਦਾ ਕੋਈ ਡਰ ਨਹੀਂ ਅਰ ਜੀਰਬਾ ਜੋ ਬਹੁਤਾ ਖਟਾ ਨਾਂ ਹੋ ਤਿਤਰ ਅਰ ਘਰੇਗੇ ਕੁਕੜ ਦੇ ਬੱਚੇਦਾ ਮਾਸ ਫਹੁਤੀਆਂ ਬਾਦਾਮਾਂਦੀਆਂ ਗਿਰੀਆਂ ਅਰ ਸਕਰਕੇ ਸਾਥ ਚਾਸਨੀਕਰੇ ਅਛਾਹੈ ਅਰ ਮੇਵਿਆਂ ਮੈਂ ਸੇ ਅਨਾਰ ਫੇਦਾਨਾਂ ਅਰ ਮਿਠਾ ਸੇਬ ਪਕਾ ਹੋਇਆ ਅਰ ਤਰਬੂਜ ਅਰ ਉਨਾਬ ਥੋੜਾਥੋੜਾ ਦੇਨਾ ਜਾਇਜ ਹੈ ਅਰ ਮਿਠਾਈ ਦੀ ਕਿਸਮ ਸੇ ਤਰਕੜਾਹ ਜੋਸ਼ਕਰ ਅਰ ਬਾਦਾਮਰੋਗਨਅਰ ਖਸਖਾਸ ਤਰ ਸੇ ਬਨਾਂਏ ਮੁਆਫਿਕ ਹੈ ਅਰ ਤੁਖਮ ਖਸਖਾਸ ਤਰ ਨਾਂ ਹੋਵੇ ਤਾਂ ਮਿਠੇ ਕਦੂਦੀਆਂ ਗਿਰੀਆਂ ਅਰ ਖੀਰਿਆਂ ਦੀਆਂ ਗਿਰੀਆਂ ਅਰ ਬਾਦਰੰਗ ਅਰ ਮਗਜ ਬਾਦਾਮ ਕੂਟਕਰ ਉਸ ਕਾ ਬਦਲ ਕਰੇ ਅਰ ਖਬੀਰੀਰੋਟੀਦੇਨੀ ਨਾ ਚਾਹੀਏ ਅਰਬਹੁਤਠੰਢਾ ਪਾਨੀਦੁਖਦਾਇਕਹੈਅਰਹਰਾਰਤਗਰੀਜੀਨੂਮੁਰਦਾਕਰਦਾ ਹੈ ਯਾ ਓਹ ਏਸ ਖੋਖਤਾਂ ਦਿਕ ਵਿਚ ਡਾਲਤਾ ਹੈ॥ ਖਬਰ-ਦਾਰੀ ਜਿੰਨਾ ਚਿਰ ਹੋ ਸਕੇ ਪਰਹੇਜ ਕਰੇ ਕਿ ਤਬਾ ਨਰਮ ਨਾਂ ਹੋਵੇ ਅਰ ਜਿਸਵਲੇ ਤਬਾਨਰਮਹੋਵੇ ਅੰਬੀਠਾ ਅਰਜਾ-ਰੂਰ ਅਰਸ਼ਾਹਬਲੋਤ ਨਫਾ ਕਰਤਾਹੈਅਰ ਜਿਸ ਵੇਲੇ ਦਿਕ ਵਾਲਾ ਨਤਾਕਤਾ ਅਰ ਬੇ ਕੁਵਤ ਹੋ ਜੈਸੇ ਕਿ ਗਸ਼ੀ ਆਨੇ

ਲਗੇ ਮਾਇਲਲਹਿਮ ਕਹੀਏ ਮਾਸਦਾ ਪਾਂਣੀਦੇਨਾਂਚਾਹੀਏ॥

ਮਾਸ ਦੇ ਪਾਂਣੀਦੀ ਤਰਕੀਬ ॥ ਲੇਲੇ ਦਾ ਮਾਸ ਲੈਕਰ ਉਸ ਵਿਚ ਸੁਪੈਦੀ ਅਲਗ ਕਰੇ ਅਰ ਸੁਰਖੀਕਾ ਕਬਾਬ ਕਰਕੇ ਦੇਗਚੀ ਸੰਗੀਨ ਮੈ ਡਾਲੇ ਅਰ ਕੁਛਕ ਗੁਲਾਬਡਾਲ ਕਰ ਪਤੀਲੀਦਾਮੂੰਹ ਢਕਕਰ ਨਰਮ ਆਂਚ ਪਰ ਰਖੇ ਤਾਕਿ ਗੋਸਤਪਾਨੀਅਲਹਦਾ ਹੋਜਾਏਅਰਅਜੇਪਕਾਨਾਹੋਜੋਉਸਦਾ ਪਾਨੀਲੇਵੇ ਅਰ ਮਾਸ ਨੂੰਬੀ ਨਚੋੜਲੇਵੇ ਕਿ ਉਸਵਿਚਤਰੀ ਬਿਲਕੁਲ ਬਾਕੀ ਨਾ ਰਹੇ ਫਿਰ ਉਸ ਪਾਨੀ ਕੋ ਪਤੀਲੇਮੈ ਡਾਲਕਰ ਜੋਸ਼ ਦੇਵੇ ਤਾਕਿ ਪਕ ਕਰ ਉਮਦਾ ਹੋਜਾਵੇ ਅਰ ਕੁਛਕ ਨਿਮਕ ਅਰ ਸੁਕਾ ਧਨੀਆਂ ਮਿਲਾਕਰ ਖਿਲਾਏ ਕਿ ਪਰਮੇਸਰ ਕੁਵਤ ਦੀ ਰਾਖੀਕਰੇ ॥ ਸਿਖਯਾ ॥ ਸਮਝਨਾਂ ਚਾਹੀਏ ਕਿ ਜੇਕਰ ਤਪਦਿਕ ਪਹਿਲੇਦਰਜੇਵਿਚਹੈਸਰਦਾ-ਈ ਅਰ ਤਰਾਵਤ ਵਿਚ ਬਹੁਤਾ ਜੋਰ ਨਾਦੇਵੇਪਰਜਦਜਬੋਲ ਹੋਜਾਂਦਾ ਹੈ ਅਰ ਧੇ ਸਰਦਾਈਆਂ ਅਰ ਤਰਾਵਤਾਂ ਜੋ ਪਿਛੇ ਗੁਜਰ ਚੁਕੀਆਂ ਮੂਜਬ ੋੜ ਦੇ ਵਰਤਣ ਵਿਚ ਲਿਆਵੇ॥ ਫਾਇਦਾ ॥ ਦਿਕ ਏਸ ਖੋਖਤਾ ਅਰ ਦਿਕਅਲ ਰਹਮ ਕੇ ਬਿਆਨ ਵਿਚ ਧਾਨੇ ਬੁਢਾਪੇ ਕੇ ਦਿਕ ॥ ਸਮਝਨਾ ਚਾਹੀਏ ਕਿ ਏਹਰੋਗ ਤਪਾਂਦੀ ਜਿਨਸਵਿਚ ਦਾਖਲ ਨਹੀਂ ਪਰ ਹਕੀਮਾਂ ਦਾ ਸੁਭਾਉ ਏਸੇਤਰਾਂਠਹਿਰਗਿਆ ਕਿ ਤਪ ਦਿਕ ਦੇ ਰੋਗ ਦਾਖ਼ਲ ਕਰ ਦੇਵੇ ਇਸ ਕਜ਼ੀਏ ਨਾਲ ਕਿ ਤਪ ਦਿਕ ਹਕੀਕੀ ਅਰ ਤ਼ਪ ਦਿਕ ਅਲਹਰਮ

ਦੀ ਸਾਂਝ ਹੈ ਕਿਉਂਕਿ ਇਸਰੋਗ ਵਿਚ ਆਦਮੀਮਦਕੂਕ ਕੀ ਸੂਰਤ ਨਜ਼ਰ ਆਉਂਦਾ ਹੈ ਅਰ ਤਿਸ ਪਰਥੀ ਬੁਢਾਪਾ ਨਾ ਆਨੇ ਕੀ ਸਕਲ ਬੁਢਿਆਂ ਵਰਗੀ ਹੋਜਾਂਦੀ ਹੈ ਇਸਕਰਕੇ ਦਿਕ ਏਸ ਖੋਖਤਾ ਬੋਲਤੇ ਹੈਂ ਔਰ ਏਹ ਰੋਗ ਬੁਢਿਆਂ ਨੂ ਜਾਵਾਨਾਂ ਕੋਲੋਂ ਅਰ ਇਨਾਂਕੋਲੋਂਬਹੁਤ ਲੜਕਿਆਂਨੂ ਹੁੰਦਾਹੈ

ਅਰ ਦਿਕ ਅਲਹਰਮ ਕੇ ਪਾਂਚ ਸਬਬ ਹੈਂ॥ ਅਵਲ ਤਾਂ ਏਹਹੈ ਕਿ ਸਰਦ ਪਾਂਨੀ ਕੁਵੇਲੇ ਪੀਤਾ ਜਾਵੇ ਜੈਸੇ ਤਕ-ੜੀ ਵ ਗਸ ਦੇ ਪਿਛੋਂ ਅਰ ਭੋਗਦੇ ਪਿਛੋਂ ਅਰ ਹਮਾਮ ਦੇ ਪਿਛੋਂ ਕਿ ਅਜੇ ਮੁਸਾਮ ਖੁਲੇ ਹੋਨ ਅਰ ਤਬਾ ਆਪਨੇਹਾਲ ਪਰ ਨਹੀਂ ਆਈ ਅਰ ਅਫੂਨੀ ਤਪਾਂ ਵਿਚ ਜੋ ਅਜੇ ਮਾਦਾ ਕਚਾਹ ਕਿਉਂਕਿ ਇਸਹਾਲਮੈਂਪਾਂਨੀ ਦਾ ਪੀਨਾਂ ਕੁਵਤ ਨ ਝੂਠਾਂ ਕਰਦਾਹੈ ਅਰਅਸਲੀ ਗਰਮੀ ਨੂ ਨਤਾਕਤ ਦੂਸਰੇ ਏਹ ਕਿ ਬੁਖਾਰ ਬੁਰੇ ਰਤੂਬਤੀ ਫਸਾਦਵਾਲੇ ਉਨਕੇਦਿਲ ਵਿਚ ਆਏ ਅਰ ਦਿਲ ਨੂ ਸਰਦ ਕਰੇ ਤੀਸਰੇ ਏ ਕਿ ਵਰਗਸ਼ ਆਦਿਕ ਦੇ ਸਬਬ ਰਤੂਬਤ ਕਾ ਜੂਬਾਨ ਹੋ ਅਰ ਹਰਾਰਤ ਗਰੀਜੀ ਕਾ ਮਾਦਾ ਦਬਾਮੈਆਏਅਰਸਰਦੀਅਰ ਖੁਸ਼ਕੀ ਦਾ ਜੋਰ ਕਰੇ॥ ਚੌਥੇ ਏਹ ਕਿ ਦਸਤ ਬਹੁਤਿਆਂ ਦਾਂ ਇਤਫਾਕ ਹੋ ਅਰ ਹਰਾ ਤ ਗਰੀਜੀ ਕਾਂ ਮਾਦਾ ਖਰਚ ਹੋਜਾਏ ਪੰਜਵਾਂਏਹ ਕਿ ਗਰਮੀ ਦੇ ਰੋਗਾਂਵਿਚਹਦੋਂਬਾਹਰੀ ਸਰਦੀ ਵਰਤੀਜਾਵੇਇਸ ਸਬਬ ਨਾਲਮਿਜਾਜ ਬਦਲਜਾਏ ਅਰ ਖੁਸਕੀ ਦਾ ਜੋਰ ਆਵੇ ਅਰ ਪਾਨੀ ਦੀ ਜਿਆਦਤੀ

ਖਾਸਕਰ ਨਿਹਾਇਤ ਸਰਦਕਾ ਗਰਮਤਪਾਂਵਿਚਦਿਕ ਹਰਮ ਦਾ ਸਬਬ ਹੁੰਦਾਹੈਗਲਕਾਹਦੀ ਕਿ ਧੇ ਬੀਮਾਰੀ ਠੀਕ ੨ ਹੋ ਜਾਂਦੀ ਹੈ ਹਟ ਨਹੀਂ ਸਕਦੀ ਅਰ ਇਸ ਰੋਗ ਦੇ ਲਛਣ ਪੇਸ਼ਾਬਮੇਂਚਿਟਿਆਈ ਅਰਰਿਕਤਕਾਹੋਨਾ ਅਰਇਲਤਹਾਬ ਅਰ ਹਰਾਰਤਕਾ ਨਾਹੋਨਾ ਅਰ ਜੋਕੁਛਜਬੋਲ ਵਿਚਲਿਖਜਾ ਹੈ ਵੋਹ ਦਿਸਨਾ ਅਰ ਰੋਗੀ ਬੁਢਿਆਂ ਵਰਗਾ ਹੋਜਾਂਨਾ ॥

ਇਲਾਜ॥ ਮਿਜ਼ਾਜਕੀਤਾਅਦੀਲਕਰੇਤਾਕਿਮਰਜਠਹਿਰੇਨਹੀ ਜੇਕਰ ਮਰਜ਼ ਠਹਿਰ ਬੀ ਗਈਹੈ ਤਾਂਇਲਾਜ ਨਾ ਛਡ ਦੇਵੇ ਕਿ ਪਰਮੇਸਰ ਕੇ ਹੁਕਮ ਸੇ ਮੌਤ ਕੋਲੋਂ ਨਧੜਕ ਰਹੇ ਅਰ ਇਸਦਾ ਪੂਰਾ ਇਲਾਜ ਏਹ ਹੈ ਕਿ ਮਿਜ਼ਾਜਨੂੰ ਗਰਮੀ ਅਰ ਤਰੀ ਮੁਅਤਦਿਲ ਪਰ ਮੋੜ ਲਿਆਵੇ ਅਰ ਇਸਤਰਾਂ ਪਰ ਹੁੰਦਾ ਹੈ ਕਿ ਸਵੇਰੇ ਤਰੰਜ ਮੁਰਬੀ ਅਰ ਸੁੰਢ ਮੁਰਬੀ ਅਰ ਸਕਾਕਲ ਮੁਰਬੀ ਥੋੜੇਜੇਹੇ ਗ਼ਹਿਤਨਾਲਦੇਵੇਫਿਰ ਇਕ ਘੜੀ ਦੇ ਪਿਛੋਂ ਪਾਂਚ ਅਦਦ ਕੁਕੜ ਦਾਆਂਡਾਕਚਾਭੁੰਨਾਧਾਬਹੁਤਾ ਖੁਲਾਏ ਅਰ ਉਸਦੇ ਉਪਰੋਂ ਸ਼ਰਾਬ ਅੰਗੂਰੀ ਚਾਲੀਸ ਦਿਰਮ ਕੇ ਅੰਦਾਜੇ ਸੇ ਦੇਵੇ ਅਰ ਦੋਘੜੀਆਂਦੇ ਪਿਛੇ ਇਸਤਹਾਂਮ ਅਰ ਆਬਜਨ ਕਰੇ ਅਰ ਹਮਾਮ ਦੇ ਬਾਦ ਜਦ ਇਕਘੜੀ ਗੁਜਰੇ ਅਸਫੀਦ ਬਾਜਾਤ ਜੋ ਉਸਮੇਂ ਦਾਰਚਨੀ ਸੁੰਢ ਅਰ ਕੋਲੰਜਾ ਕਬੂਤਰ ਅਰ ਬੱਕਰਾ ਮੋਟੇ ਕੁਕੜਦਾ ਮਾਸ ਪਕਾਏ ਅਰ ਖੁਲਾਏ ਅਰ ਗਜਾ ਖਾਨ ਦੇ ਪਿਛੋਂ ਸੁਲਾਨਾ ਲਾਜਮ ਸਮਝੇ ਅਰ ਜੋ ਕੁਛ ਮੂਹਲਲ ਹੇ ਉਸ ਕੋਲੋਂ ਬਚਾਏ ਔਰ

ਕਹਿਤੇਹੈਂ ਕਿ ਸਹਿਤ ਥੋੜਾ ਬਹੁਤ ਵੇਲੇ ਚੰਗਾ ਹੈ ਅਰ ਹੁਕ ਨਾ ਬਕਰੇ ਦੇ ਖਰਾਉੜੇ ਅਰ ਸਿਟੀ ਸੇ ਬਨਾਏ ਅਰਵਰਤੇ ਇਸ ਤਰੀਕੇ ਨਾਲ ਜੋ ਤਿੰਨ ਦਿਨ ਬਰਾਬਰ ਵਰਤੇ ਅਰ ਪੰਜ ਰੋਜ ਛਡਦੇਵੇ ਫੇਰ ਤਿੰਨ ਦਿਨ ਵਰਤੇ ਪੰਜ ਦਿਨਛਡ ਦਵੇ ਅਰ ਇਸੇ ਤਰਾਂ ਕਈ ਵਾਰੀ ਕਰੇ ਅਰ ਹਰਬਾਰ ਜੋ ਹੁਕਨਾ ਵਰਤੇ ਰੋਗਨ ਨਰਗਸ ਰੋਗਨ ਸੋਜਨ ਅਰ ਰੋਗਨ ਖੈਰੀ ਜੋੜਾਂ ਪਰ ਮਲੇ ਜੋ ਨਿਹਾਇਤ ਚੰਗਾ ਹੈ ਅਰ ਜਿਸ ਵੇਲੇ ਫਾਇਦਾ ਮਾਲੂਮ ਹੋ ਅਰ ਕੁਵਤ ਆਜਾਏ ਬੜੀ ਬੜੀ ਮਾਜੂਨ ਜੈਸੇ ਦਵਾਇਲ ਮਸਕ ਅਰ ਮਸਰੂਦੀਤੂਸ ਅਰਤ- ਰਿਯਾਕ ਕਬੀਰ ਨਫਾਕਰਤਾ ਹੈ ਅਰ ਭੋਗ ਕਿਸੀਵਜਾ ਸੇ ਜਾਇਜਨਹੀਂ ਉਪਰਲਾਹੁਕਨਾ ਬਕਰੇਕਾਸਿਰਹੱਥ ਅਰ ਪੈਰ ਸਾਫ ਕਰਕੇ ਕੁਟ ਲਏ ਅਰ ਕਸਕ ਗੰਦਮ ਇਕ ਚੁੰਗਲ ਭਰ ਅਰ ਕੋਟਾ ਜਵਾਂ ਦਾ ਅਰ ਛੋਲਿਆਂ ਦਾ ਇਕ ਚੁੰਗਲ ਭਰਫਿਰ ਸੋਏਦਸ ਦਿਰਮ ਬਾਬੂਨਾਸਤਦਿਰਮ ਖਸਕ ਅਠ ਦਿਰਮ ਅੰਜੀਰ ਮੋਟੀ ਕਾਲੀ ਦਸ ਦਾਨੇ ਉਸਮੇਂ ਮਿਲਾਏ ਅਰ ਉਨਕੋ ਪਾਂਚ ਸੇਰ ਪਾਨੀਮੇਂ ਪਕਾਏ ਜਦਇਕ ਤਿਹਾਈ ਬਾਕੀ ਰਹੇ ਸਾਫ ਕਰੇ ਅਰ ਦਸ ਅਸਤਾਰ ਕੇ ਅੰਦਾਜੇ ਸੇ ਲੈਕਰ ਦਸ ਦਿਰਮ ਗੋਕਾ ਘਿਉ ਅਰ ਦਸ ਦਿਰਮ ਤਿਲਾਂ ਦਾ ਤੇਲ ਤਾਜਾ ਅਰ ਪੰਜ ਦਿਰਮ ਰੋਗਨ ਬਾਨ ਅਰ ਦੋ ਦਿਰਮ ਮੋਮ ਚਿਟੀ ਪਕਾ ਕਰ ਇਸਦੀ ਤਰੀ ਵਿਚ ਪਾਕਰ ਹੁਕਨਾ ਕਰੇ ਉਪਰਲੇ ਕਹਿਣੇ ਅਨੁਸਾਰ ਅਰ ਹੁਕਨੇ ਦੇ

ਪਿਛੋਂ ਸਰੀਰ ਪਰ ਰੋਗਨ ਮਲਨਾ ਜਰੂਰੀ ਸਮਝੇ ॥

ਫਾਇਦਾ ਬੋਰਾਨ ਦੇ ਅਰਥ ਵਿਚ ॥ ਬੋਰਾਨ ਲਫਜ ਯੂਨਾਨੀ ਹੈ ਇਸਦਾ ਅਰਥ ਦੁਸਮਨ ਪਰ ਦੁਸਮਨ ਕਾ ਗਲਬਾ ਅਰ ਹਕੀਮਾਂਦੀ ਬੋਲੀ ਵਿਚ ਯੇ ਮੁਰਾਦ ਹੈ ਕਿ ਤਬੀਯਤ ਕਾ ਬੀਮਾਰੀ ਕੇ ਮੁਕਾਬਲ ਮੈ ਕੋਸ਼ਸ ਕਰਨਾ ਅਰ ਇਸ ਸਬਬ ਸੇ ਸਰੀਰ ਵਿਚ ਇਕ ਬਹੁਤੀ ਉਲਟ ਪੁਲਟ ਪੈਦਾ ਹੋਨਾ ਚਾਹੇ ਚੰਗੇ ਹਾਲ ਵਿਚ ਚਾਹੇ ਬੁਰੇ ਹਾਲ ਵਿਚ ॥ ਅਰ ਸਮਝਨਾ ਚਾਹੀਏ ਜੋ ਬਦਲੀ ਰੋਗੀ ਦੇ ਹਾਲ ਵਿਚ ਆਉਂਦੀ ਹੈ ਵੋ ਅਠ ਕਿਸਮ ਦੀ ਹੁੰਦੀਹੈ ਪਹਿਲੀ ਤਾਂ ਏਹੁ ਹੈ ਜੋ ਤਬਾ ਜੋਰ ਵਿਚ ਆਕਰ ਰੋਗੀਦੇ ਮਾਂਦੇ ਨੂੰ ਇਕ ਵਾਰਗੀ ਸਰੀਰ ਵਿਚੋਂ ਕਢ ਦੇਵੇ ਤਾਂ ਉਸਨੂੰ ਬੋਰਾਂਨ ਪੂਰਾ ਯਾਨੇ ਜੈਦਤਾਮ ਕਹਿੰਦੇ ਹਨ ਦੂਸਰੇ ਯੇਹ ਕਿ ਇਕਵਾਰ ਗ ਤਬਾ ਜੋਰ ਵਿਚ ਆਕੇ ਅਰ ਰੋਗਦਾ ਜੋਰ ਪੈਕਰ ਝੱਟ ਪਟ ਮਾਰ ਦੇਵੇ ਉਸਨੂੰ ਬੋਰਾਨ ਰਦੀਤਾਮ ਕਹਿੰਦੇ ਹਨ ਅਰ ਤਾਮਜੈਦ ਹੋ ਤਾਂ ਰਦੀ ਹਾਰੇ ਦੇ ਰੋਗਾਂ ਨੂੰ ਖਾਸ ਕਰ ` ਹੈ ॥ ਤੀਸਰੇ ਯੇਹ ਭਾਵੇ ਤਬਾਜੋਰਮੈ ਹੋਵੇ ਅਰਬੋਰਾਨ ਅਛਾਹੋ ਪਰੰਤੂਸਾਰੇ ਮਾਦੇ ਨੂੰ ਇਕ ਵਾਰਗੀ ਨਾ ਕਢੇ ਸਗੋ ਮਾਬਕੀ ਕੋ ਥੋੜਾ ਥੋੜਾ ਨਿਕਾਲੇ ਚੌਥੇ ਯੇ ਕਿ ਭਾਵੇਂ ਤਬਾਂਦਾ ਜੋਰ ਪਹਿਲਾਂ ਹੀ ਚੰਗਾਂ ਨਜਰ ਆਵੇ ਐਪਰ ਤਬਾਂ ਮਾਂਦੇ ਨੂੰ ਥੋੜਾਂ ਥੋੜਾ ਲੈ ਜਾਤੀ ਹੈ ਅਰ ਛੇਕੜ ਵਿਚ ਉਸਦਾ ਜੋਰ ਇਕ ਵਾਰ ਦਿਸੇ ਅਰ ਰੋਗਨੂੰ ਕਢੇ ਅਰ ਇਨਾ ਦੋਨਾਂ

ਬੌਰਾਨਾ ਨੂੰ ਜੈਦ ਨਾਕਸ ਕਹਿੰਦੇ ਹਨ ਪੰਜਵੀ ਯੇਹ ਕਿ ਰੋਗ ਵਿਚ ਜੋਰ ਆਜਾਵੇ ਅਰ ਬੌਰਾਨ ਕੁਵੇਲੇ ਆਵੇ ਪਰੰਤੁ ਇਕ ਵਾ ਗੀ ਨਾ ਮਾਰਦੇਵੇ ਬਲਕਿ ਇਸਦੇ ਪਿਛੋ ਤਬਾ ਨੂੰ ਕੁਛਕ ਨਿਤਾਕਤੀ ਕਰਦਾ ਰਹੇ ਏਥੋਂ ਤਕ ਜੋ ਮਾਰ ਦੇਵੇ ਛੇਵੇਂ ਯੇਹ ਭਾਵੇਂ ਮਰਜ ਜੋਰਾਂਵਰ ਹੋ ਪਰ ਮਰਜ ਦਾ ਜੋਰ ਮਾਲੂਮ ਠੀਕ ਨਾ ਹੋਵੇ ਸਗੋਂ ਤਬਾ ਨੂੰ ਥੋੜੀ ਥੋੜੀ ਨਿਤਾਕਤੀ ਕਰਦਾਂ ਰਹੇ ਛੇਕੜ ਝੱਟ ਪੱਟ ਰੋਗ ਜੋਰ ਕ ਰੇ ਅਰ ਤਬਾ ਆਜ਼ਜ ਹੋ ਜਾਏ ਅਰ ਰੋਗੀਨੂੰ ਮਾਰ ਦੇਵੇ ਇਨਾਂ ਦੋ ਬੌਰਾਨਾ ਨੂੰ ਰੱਦੀ ਨਾਕਸ ਕਹਿੰਦੇ ਹਨ ਅਰ ਆਖਿਰਕੀ ਯੇ ਚਾਰੋਂ ਕਿਸਮ ਬੌਰਾਨ ਮੁਰਕਬ ਐ (ਆਹ) ਰਲ਼ਾਹੋਇ ਸਦਾਉਦੇ ਹਨ ਅਰ ਮੁਰਕਬ ਇਸ ਲੀਏ ਨਾਂਮ ਰੱਖਿਆ ਕਿ ਉਨ ਮੈ ਬੀਮਾਰ ਕੇ ਹਾਲ ਮੈ ਮਿਲਾ ਜੁਲਾ ਤਗੱਯਰ ਕਹੀਏ ਉਲਟ ਪੁਲਟ ਹੁੰਦਾ ਹੈ ॥ ਸਾਤਵੀਂ ਯੇ ਕਿ ਤਬਾ ਥੋੜੀ ਥੋੜੀ ਕੁਵਤ ਪਾਉਂਦੀ ਹੈ ਅਰ ਮਰਜ ਕੇ ਮਾਂਦੇ ਨੂੰ ਸਹਿਜੇ ਸਹਿਜੇ ਪਕਾਂਉਂਦੀ ਹੈ ਅਰ ਮਾਦੇਨੂੰ ਇਕ ਮੁਦਦ ਵਿਚ ਕਢ ਦੇਵੇ ਅਰ ਬਹੁਤ ਉਲਟ ਪੁਲਟ ਨਾਂ ਦਿਸੇ ਇਸ ਕਿਸਮ ਦੀ ਉਲਟ ਪੁਲਟ ਨੂੰ ਤਹਲੀਲ ਕਹਿੰਦੇ ਹਨ॥ ਆਠਵੀ ਯੇਹ ਜੋ ਮਾਦਾ ਥੋੜਾ ਥੋੜਾ ਜੋਰ ਪਾਉਦਾ ਹੈ ਅਰ ਪਕਦਾ ਨਹੀਂ ਅਰ ਤਬਾ ਦਿਨ ਬਦਿਨ ਨਤਾਕਤੀ ਹੁੰਦੀ ਹੈ ਅਰ ਤਗੱਯਰ ਭਾਂਰਾਂ ਜਾਂਹਿਰ ਨਹੀਂ ਹੁੰਦਾ ਏਥੋ ਤਕ ਜੋ ਬੀਮਾਰਨੂੰ ਮਾਰ ਦਿੰਦਾਂ ਹੈ ਉਸਨੂੰ ਜਬੂਲ ਅਰਜੁਬਾਨ ਕਹੀ-

ਤੇ ਹੈਂ ਅਰ ਭਹਲੀਲ ਅਰ ਜਬੂਲ ਇਮਰਾਜ ਮੁਜਮਲਾ
ਨੂੰ ਖਾਸ ਕਰਕੇ ਹੈ ਅਰ ਜਿਸ ਵੇਲੇ ਕਿ ਤਬੀਯਤ ਬੌਰਾਨ
ਦੇ ਵੇਲੇ ਮਾਦੇ ਨੂੰ ਇਕ ਵਾਰਗੀ ਦਫਾ ਨਾ ਕਰ ਸਕੇਬਹੁਤਾ
ਇਸ ਤਰਾਂ ਹੁੰਦਾ ਹੈ ਕਿ ਸਹਦਾਰ ਜੋੜਾਂ ਸੇ ਨਿਕਾਲਦੀ ਹੈ
ਅਰ ਦੂਸਰੇ ਜੋੜਾਂਪਰ ਡਾਲਤੀ ਹੈ ਉਸਨੂੰ ਬੌਰਾਨ ਇੰਤਕਾਲ
ਕਹਿੰਦੇਹਨ ਅਰ ਉਸਦੀਆਂ ਬਹੁਤੀਆਂਤਰਾਂਹਨ ਬਾਜੀਆਂ
ਤਾ ਜੈਦ ਹੈ ਔਰ ਬਾਜੇ ਰਦੀ ਜੈਦ ਤਾ ਯੇਹ ਹੈ ਯਰਕਾਨ
ਔਰ ਖਾਰ ਅਰ ਕੂਬਾ ਅਰ ਬਹਿਕ ਅਰ ਰੱਦੀ ਹੈ ਅਰ
ਵਰਮਾ ਅਰ ਇਖਰਾਜ ਅਰ ਦੁਬੇਲਾ ਅਰ ਤਾਊਨ ਅਰ
ਨਮਲਾ ਅਰ ਨਾਰ ਫਾਰਸੀ ਅਰ ਆਬਲਾ ਅਰ ਆਕਲਾ
ਅਰ ਖੁਨਾਕ ਅਰ ਬਰਸ ਅਰ ਗਦਦ ਅਰ ਦਾਇਲਫੀਲ
ਅਰ ਲਕਵਾ ਅਰ ਦਵਾਲੀ ਅਰ ਤੱਸਨਜ ਅਰ ਵਜਾਅਲ
ਜ਼ੈਹਰ ਅਰ ਵਜਾਅਲ ਫਰਕ ਅਰ ਵਜਾਅਲ ਰਕਬਾ ਅਰ
ਬੌਰਾਨ ਜਦ ਇਨਾਂ ਰੋਗਾਂ ਸੇ ਬਦਲਤਾ ਹੈ ਇਨਾਂ ਨੂੰ ਇਸ
ਕਰਕੇ ਰੱਦੀ ਕਹਿੰਦੇਹਨਕਿ ਭਾਵੇਂ ਅਸਲੀਰੋਗ ਹਟ ਜਾਂਦਾ
ਹੈ ਅਰ ਬੀਮਾਰ ਦੂਸਰੇ ਐਸੇ ਰੋਗ ਵਿੱਚ ਪਕੜਿਆਜਾਂਦਾਹੈ
ਉਨਾਂ ਵਿੱਚੋਂ ਬਾਜਿਆਂ ਨੂੰ ਤਾਂ ਹਾਦ ਹੈ ਅਰ ਬਾਜੇ ਮੁਜਮਨ
ਅਰ ਬੌਰਾਨ ਇੰਤਕਾਲ ਉਸੀ ਜਗ੍ਹਾ ਹੁੰਦਾ ਹੈ ਜਿੱਥੇ ਕਿ
ਮਾਦਾ ਗੰਦਾ ਹੋ ਅਰ ਕੁਵਤ ਨਤਾਕਤ ਕਿਉਂਕਿ ਕੁਵਤ
ਤਕੜੀ ਅਰ ਖਿਲਤ ਮੁਅਤਦਿਲ ਅਲਕਵਾਮ ਔਰ ਕਾਬਲ
ਦਫਾ ਹੁੰਦੀ ਹੈ ਬੌਰਾਨ ਤਾਮ ਵਾਕਿਆ ਹੁੰਦਾਹੈ ਅਰ ਬੋਰਾਨ

ਜ਼ੈਦ ਯਾ ਰੱਦੀ ਭਾਮ ਹੋਨੇ ਕੇ ਨਿਸਾਨ ਯੇ ਹੈਂ ਕਿ ਕਲਕ ਅਰ ਇਸਤਰਾਬ ਕੀ ਸਖਤੀ ਹੈ ਅਰ ਨਾਕਸ ਹੋਨੇ ਕੇ ਨਿ- ਸਾਨ ਹੈਂ ਇਨਾ ਲਾਂ ਵਿਚ ਕਿਲਤ ਹੋਵੇ ਔਰ ਯੇ ਬਾਤ ਕਿ ਹਰ ਇੱਕ ਜ਼ੋਰ ਦਾ ਬੌਰਾਨ ਕਿਉਂਕਰ ਹੁੰਦਾ ਹੈ ਸੋ ਇਸਕਾ ਬਿਆਨ ਇਸ ਫਾਇਦੇ ਕੇ ਛੇਕੜ ਵਿਚ ਆਏਗਾ ॥ ਖਬਰਦਾਰੀ ॥ ਜਿਸ ਰੋਗ ਦੇ ਛੇਕੜ ਵਿਚ ਸਲਾਮਤੀ ਹੈ ਉਸਦੇ ਚਾਰ ਦਰਜੇ ਹੁਦੇ ਹਨ ਇਬਤਦਾ ਅਰ ਤਜਾ ਇਦ ਅਰ ਇੰਤਹਾ ਅਰ ਇਲਖਤਾਤ ਔਰ ਬੌਰਾਨ ਭਾਮ ਵਕਤ ਇੰਤਹਾ ਕੇ ਸਿਵਾ ਨਹੀਂ ਹੁੰਦਾ ਅਰ ਜਿਸ ਮਰਜ ਮੈ ਇਬਤਦਾ ਮੈਂ ਹੋ ਜਾਂਦਾ ਹੈ ਮੁਹਲਕ ਕਹੀਏ ਅਸਾਧਹੈ ਅਰ ਜੌਨਸਾ ਤਜਾਇਦ ਕੇ ਵਕਤ ਮੈਂ ਹੁੰਦਾ ਹੈ ਅਗਰ ਜੈਦ ਹੈ ਨਾਕਸ ਹੋਵੇਗਾ ਅਰ ਜੇਕਰ ਰੱਦੀਹੈਬੀਮਾਰਉਸਬੌਰਾਨ ਮੈ ਨਿਹਾਇਤ ਬੁਰੇ ਹਾਲ ਹੋਵੇਗਾ ਅਰ ਜੇੜਾ ਇਨਤਹਾ ਵਿਚ ਹੁਦਾ ਹੈ ਸੋ ਜੇਕਰ ਜੈਦ ਹੈ ਮਰੀਜ ਇਕ ਵਾਰਗੀ ਉਸ ਦੇ ਡਰ ਸੇ ਨਿਕਲ ਆਇਆ ਅਰ ਜੇਕਰ ਰੱਦੀ ਹੈ ਝੱਟ ਪੱਟ ਮਾਰ ਦੇਵੇ ਮਗਰ ਇਲਖਤਾਤ ਕੇ ਵਕਤ ਮੈ ਬੋਰਾਨ ਨਹੀ ਹੁੰਦਾ ਹੈ ਅਰ ਨਾ ਮੌਤ ਔਰ ਮੌਤ ਕਾ ਵਕਤ ਇਬਤਦਾ ਹੈ ਅਰ ਤਜਾਇਦ ਅਰ ਇਨਤਹਾ ਅਰ ਜੇੜਾ ਬੌਰਾਨ ਕਿ ਬੌਰਾਨ ਕੇ ਦਿਨ ਵਾਕਿਆਂ ਹੋ ਸਲਾਮਤੀ ਕਾ ਨਿਸਾਨ ਹੈ ਅਰ ਜੇੜਾ ਇਸ ਸੇ ਪਹਿਲੇ ਹੁੰਦਾ ਹੈ ਇਸ ਬਾਤ ਪਰ ਦਲੀਲ ਕਰਤਾ ਸੈ ਜੋ ਮਾਦਾ ਬੁਰਾ ਹੈ ਤੇ

ਬਹੁਤਾ ਅਰ ਤਬੀਯਤ ਕੋ ਇਜ਼ਤਿਰਾਬ ਹੋ ਗਰਜ਼ਕਿ ਇਨ-
ਤਹਾਂ ਸੇ ਪਹਿਲੇ ਜੋ ਬੋਰਾਨ ਨੂੰ ਹਰਕਤ ਹੁੰਦੀਹੈ ਜਾਂ ਤਾਂ ਉ-
ਸਦਾ ਏਹ ਸਬਬ ਹੈ ਜੋ ਬੀਮਾਰੀ ਤਕੜੀਹੈਅਰ ਤਬੀਅਤ
ਆਜਜ ਹੁੰਦੀ ਹੈ ਯਾ ਕੋਈ ਸਬਬ ਖਾਰਜੀ ਜੋ ਤਬੀਯਤਨੂੰ
ਕੁਵੇਲੇ ਖੇਚਲ ਹਿਲਾਉਣ ਵਿਚ ਲਿਆਇਆ ਹੈ ਜੈਸੇ ਯੇ
ਆਰਜੇ ਕਹੀਏ ਦੁਖ ਨਫਸਾਨੀ ਅਰ ਅਗਜੀਆ ਤੇਅਸਰ
ਬੀਆ ਨਾਮੁਲਾਇਮ ਅਰ ਬੇਵਕਤ ਅਰ ਜਿਸ ਵੇਲੇ ਐਸਾ
ਹੋ ਕਿ ਜਿਸ ਰੋਜ ਨੇਕ ਬੌਰਾਨ ਦਾ ਤਵਕਾ ਪੜੇ ਅਰ ਬੁਰੇ
ਲਛਣ ਉਪਜਣ ਨਿਹਾਇਤ ਬੁਰਾ ਹੁੰਦਾ ਹੈ ॥ ਸਿਖਯਾ ॥
ਬੀਮਾਰੀ ਦੇ ਜਮਾਨੇ ਵਿਚ ਬਾਜੇ ਦਿਨ ਤਾਂ ਬੌਰਾਨ ਦੇਹੁੰਦੇ
ਹੀ ਹੈਨ ਉਸਨੂੰ ਬਾਹੁਰੀਆ ਕਹਿੰਦੇ ਹਨ ਅਰ ਬਾਜੇਦਿਨ
ਇਸ ਬਾਤ ਦੀ ਖਬਰ ਦਿੰਦੇ ਹਨ ਕਿ ਕਦ ਹੋਣੇ ਵਾਲਾ
ਹੈ ਅਰ ਉਸ ਨੂੰ ਅਯਾਮਅਲ ਅੰਦਾਜ ਕਹਿੰਦੇ ਹਣ ਅਰ
ਬਾਜੇ ਦਿਨ ਨਾਂ ਬਾਹੁਰੀ ਹੁਦੇ ਹਨ ਨਾ ਅੰਦਾਜੇਕੇਪਰਕਿਸੇ
ਇਨਹਰਾਫ ਸੇ ਬੋਰਾਨ ਇਨਾਂ ਵਿਚ ਹੁੰਦਾ ਹੈ ਅਰ ਉਨਾਨੂ
ਅਯਾਮ ਅਲ ਵਾਕਿਆ ਫੀਅਲ ਵਸਤ ਕਹਿੰਦੇ ਹਨ ਸੋ
ਜੇੜੇ ਦਿਨਾਂ ਵਿਚ ਬੌਰਾਨ ਪੈਂਦਾ ਹੈ ਅਰ ਤਮਾਮ ਅਰਨੇਕ
ਹੁੰਦਾ ਹੈ ਵੋਹ ਗਿਜਾਰਾ ਦਿਨ ਹੁੰਦੇ ਹਨ ਚੋਥਾ ਸਤਵਾਂ ਚੌਧ
ਵਾਂ ਬੀਸਵਾਂ ਇਕੀਸਵਾਂਚੋਬੀਸਵਾਂਸਤਾਈਸਵਾਂਇਕਤੀਸਵਾਂ
ਅਰ ਚੌਤੀਸਵਾਂ ਸੈਤੀਸਵਾਂ ਅਰ ਚਾਲੀਸਵਾਂ ਅਰਜੇੜੇਦਿਨ
ਐਸੇ ਹਨ ਕਿ ਜਿਨਾ ਵਿਚ ਕਦੀ ਬੌਰਾਂਨਹੁੰਦਾਹੈ ਅਰਕਦੀ

ਨਹੀ ਅਰ ਅਯਾਮ ਅਲ਼ ਵਾਕਿਆ ਫੀਅਲਵਸਤ ਸਦਾਊਂ
ਦੇ ਹੈਨ ਵੋਹ ਛੇ ਦਿਨ ਹੈਂ ਤੀਸਰਾ ਅਰ ਪਾਂਚਵਾਂ ਅਰ ਨਾਵਾਂ
ਅਰ ਯਾਰਵਾਂ ਅਰ ਤੇਰਵਾਂ ਅਰਸਤਾਰ੍ਵਾਂ ਅਰ ਜੇੜੇ ਦਿਨਾਂ
ਵਿਚ ਬੋਰਾਨ ਨਾਕਸ ਪੜਦਾ ਹੈ ਅਰ ਤਕਲੀਫ ਅਰ ਡਰ
ਹੁੰਦਾ ਹੈ ਵੋਹ ਅਠ ਦਿਨ ਹੈਨਛੇਵਾਂ ਅਠਵਾਂ ਦਸਵਾਂ ਬਾਰਵਾਂ
ਪੰਦਰਵਾਂ ਸੋਲਵਾਂਅਠਾਰ੍ਵਾਂ ਅਰ ਉਨੀਸਵਾਂ ਹੈਨਅਰ ਜੇੜੇ
ਦਿਨਾਂ ਵਿਚ ਬੌਰਾਨ ਹੁੰਦਾ ਨਹੀ ਹੈ ਵੋਹ ਦਿਨ ਤੇਰਾ ਹਨ
ਬਾਈ ਤੇਈ ਪੰਜੀ ਛਬੀ ਅਠਾਈ ਉਨੱਤੀ ਭੀਸਬੱਤੀਤੇਤੀ
ਛਤੀ ਸਤੀਸ ਅਠਤੀ ਅਰਉਨਤਾਲੀਅਰ ਯੇਜਿਤਨੇਦਿਨ
ਹਾਂ ਕਿ ਉਨਾਂ ਵਿਚ ਬੌਰਾਨ ਹੁੰਦਾ ਹੈ ਯਾ ਨਹੀ ਹੁੰਦਾ ਯੇ
ਸਾਰੇ ਅਠਤੀ ਦਿਨ ਹੁੰਦੇ ਹਨ ਸਹੀ ਮਜਬਕੇ ਰੂਇਸੇ ਅਰ
ਬਾਜੇ ਪਹਿਲੇ ਅਰ ਦੂਸਰੇ ਦਿਨਕੋਭੀਬੌਰਾਨਕੇਦਿਨਾਂਵਿਚ
ਗਿਨਦੇ ਹਨ ਕਿਸ ਵਾਸਤੇ ਕਿ ਹਮੀ ਯੋਮਪਹਿਲੇਯਾਦੂਸਰੇ
ਦਿਨ ਗੁਜਰ ਜਾਂਦਾ ਹੈ ਅਰ ਏਹ ਭੀ ਗੁਜਰਦਾਹੈ ਹਾਲ ਕਾ
ਤਗੱਯਰ ਹੈ ਔਰ ਯੇਹੀ ਬੌਰਾਨ ਹੁੰਦਾ ਹੈ ਔਰ ਜੋ ਕੁਛ ਕਿ
ਇਯਾਮ ਬਾਹੁਰੀਆ ਕੀ ਤਾਦਾਦ ਕਾ ਬਿਆਨ ਗੁਜਰਾ ਯੇ
ਇਮਰਾਜ ਹਾਦਾ ਮੇ ਹੋਤਾ ਹੈਅਰ ਤਮਾਮ ਹਾਦਾਬੀਮਾਰੀ ਕਾ
ਬੌਰਾਨਅਕਸਰ ਅਮਰ ਮੇ ਜੌਨ ਸੇ ਦਿਨ ਕਿ ਤਾਕ ਹੋਤੇਹੈਂ
ਉਨਾਂ ਵਿਚ ਹੁੰਦਾ ਹੈ ਇਸੀ ਵਾਸਤੇ ਤਪ ਗਬ ਕਾ ਬੌਰਾਨ
ਯਾਰਵੇਂ ਦਿਨ ਚੌਧਵੇਂ ਦਿਨ ਸੇ ਬਹੁਤਾ ਆਉਂਦਾ ਹੈ ਅਰ
ਬ ਤਿਆਂ ਰੋਗਾਂ ਵਿਚ ਤਪਾਂ ਦ ਦੌਰੇ ਅਰ ਨੌਬਤਾਂ ਅਯਾਮ

ਰਾਨ ਕੇ ਅਦਦ ਪਰ ਹੁੰਦੀ ਹੈ ਮਸਲਨ ਗਬ ਕੇ ਸਤ ਦੌਰੇ ਮੈ ਹੁੰਦੇ ਹਨ ਜੈਸੇ ਤਪ ਮੁਹਟਕਾ ਦੇ ਸਤ ਦਿਨ ਹੋਏ ਹਨ ਅਰ ਬੌਰਾਨ ਕੀ ਕੁਵਤ ਅਰ ਸਖਤੀਅਠਵੇਂਦਿਨਤਕ ਹੁੰਦੀ ਹੈ ਅਰ ਇਸਕੇ ਬਾਦ ਹਲਕਾ ਹੁੰਦਾ ਹੈ ਅਰਸਮਝਨਾ ਚਾਹੀਏ ਕਿ ਬਾਜੇ ਬੋਰਾਨ ਚਾਰ ਚਾਰ ਦਿਨ ਕਾਹੁੰਦਾਹੈਅਰ ਬਾਜੇ ਸਤ ਸਤ ਦਿਨ ਕਾ ਅਰ ਬਾਜੇ ਬੀਸ ਬੀਸ ਦਿਨਕਾ ਅਰ ਚਾਰ ਦਿਨ ਵਾਂਲੇ ਬੌਰਾਨ ਕੀ ਕੁਵਤ ਬੀਸ ਦਿਨਤਕ ਸਾਰਾਪੂਰਾਹੁੰਦਾ ਹੈ ਅਰ ਸਤ ਦਿਨਵਾਲੇਬੌਰਾਨ ਕੀ ਕੁਵ਼ਤ ਚਾਲੀਸ ਦਿਨ ਤਕ ਹੁੰਦੀ ਹੈ ਪਰ ਇਮਰਾਜ ਮੁਜਮਨਾ ਮੈਂ ਮਹੀਨੇ ਅਰ ਬਰਸ ਦੀ ਗਿਣਤੀ ਇਮਰਾਜ ਹਾਦਾ ਦੇ ਦਿਨਾ ਦੀ ਗਿਣਤੀ ਪਰ ਹੁੰਦੀ ਹੈ ਜੈਸਾ ਕਿ ਰਬਾ ਸੌਦਾ ਵੀ ਅਰ ਬਲਗਮੀ ਵਿਚ ਸਤ ਮਹੀਨੇ ਗਬ ਦੀ ਵਾਰੀ ਦੇ ਸਤ ਦਿਨ ਕੇ ਬਰਾਬਰ ਹੁੰਦੇ ਹੈਂ॥ ਅਰ ਬੁਕਰਾਤ ਹਕੀਮਨੇ ਚਾਲੀਸ ਦਿਨ ਕੇ ਬਾਦ ਸਠ ਅਰ ਅੱਸੀ ਅਰ ਸੌ ਅਰ ਇਕਸੌਬੀਸਦਿਨਕੇਸਿਵਾਔਰਦਿਨਕੋਬੌਰਾਨਕੇਦਿਨੋਮੇਗਿਣਤੀ ਨਹੀਂ ਕੀਤੀਕਿਉਕਿਬੀਸਬੀਸਦਿਨਾਂਦੇਬੌਰਾਨਦੀਕੁਵਤ ਇਕਸੌਬੀਸਦਿਨਤਕਹੁੰਦੀਹੈਗਲਕਾਹਦੀਕਿਬੌਰਾਨਦਾਦਿ-ਨ ਇਕਸੌਬੀਸ ਦਿਨ ਪਿਛੇ ਯਾ ਸਤਾਂਮਹੀਨਿਆਂਪਿਛੌਂਹੋਵੇਗਾ ਯਾ ਸਤ ਬਰਸ ਕੇ ਪਿਛੌਂ ਯਾ ਚੌਦਾਂ ਬਰਸਦੇਪਿਛੌਂ ਯਾਂ ਇਕੀਸ ਬਰਸ ਦੇ ਪਿਛੌਂ ਅਰ ਸਮਝ ਲੈ ਕਿ ਚਾਲੀਸਦਿਨ ਬੌਰਾਣ ਹਾਦਾ ਮੈਂਸਬਸੇਪਿਛਲਾ ਹੈ ਅਰ ਬੌਰਾਨ ਮੁਜਮਨਾ

ਮੈ ਸਬਸੇ ਅਗਲਾ ਸੋ ਅਗਰ ਮਾਦਾ ਨਿਹਾਇਤ ਹਾਦਾ ਹੈ ਬੌਰਾਨ ਚੌਥੇ ਦਿਨ ਹੋਗਾ ਅਰ ਨਹੀਂ ਤਾਂ ਜਿਸ ਕਦਰ ਉਸ ਕੀ ਤੇਜੀ ਮੈਂ ਘਟ ਹੋਗੀ ਉਸੀ ਕਦਰ ਦੇਰ ਕਰ ਜਾਹਿਰ ਹੋਗਾ ਚਾਲੀਸ ਦਿਨ ਤਕ ਅਰ ਮਰਜ ਮੁਜਮਨ ਜਿਸ ਕਦਰ ਜਿਆਦਾ ਮੁਜਮਨ ਹੋਗਾ ਉਸਕਾ ਬੌਰਾਨ ਚਾਲੀਸਵੇਂ ਸੇ ਉਸ ਕਦਰ ਦੂਰ ਹੋਗਾ ਅਰ ਅਯਾਮ ਅੰਦਾਜੇ ਮੈ ਬੌਰਾਨ ਕੀ ਖਬਰ ਦੇਵੇ ਕਿ ਕੌਨ ਸੇ ਦਿਨ ਹੋਨੇ ਵਾਲਾ ਹੈ ਅਰ ਅੰਦਾਜੇ ਕੇ ਦਿਨ ਬੀ ਕੁਛਕ ਤਗੱਯਰ ਵਾਕਿਆ ਹੁਦਾ ਹੈ ਇਸੀ ਵਜਾਸੇ ਅੰਦਾਜ ਕਾ ਦਿਨ ਬੌਰਾਨ ਕੇ ਨਿਸਫ ਪਰ ਹੋਤਾ ਹੈ ਮਗਰ ਮੁਨਾਸਫ ਤਹਕੀਕੀ ਨਹੀਂ ਜੈਸਾ ਕਿ ਮਤੂਲਾਤ ਮੈਂ ਮਸਰੂਹਾਦ ਲਿਖਿਆ ਹੈ ਅਰ ਥੋੜਾ ਜੇਹਾ ਇਥੇ ਭੀ ਲਿਖਿਆ ਜਾਂਦਾ ਹੈ ਜਿਸ ਵੇਲੇ ਕਿ ਇਮਰਾਜ ਹਾਦਾ ਮੈਂ ਪਹਿਲੇ ਦਿਨ ਬਾ ਨੁਜਜ਼ ਅਸਰ ਮਾਲੂਮ ਹੋਵੇ ਬੌਰਾਨ ਚੌਥੇ ਦਿਨ ਹੋ ਅਰ ਜੇਕਰ ਬੀਮਾਰੀ ਬਹੁਤੀ ਗਰਮ ਅਰ ਸਰੀਅਲ ਹਰਕਤ ਹੈ ਤੀਜੇ ਦਿਨ ਬੌਰਾਨ ਹੋਗਾ ਅਰ ਜੇਕਰ ਹੌਲਾ ਹੋਗਾ ਚੌਥੇ ਦਿਨ ਬੌਰਾਨ ਹੋਗਾ ਅਗਰ ਚੌਥਾ ਦਿਨ ਯੌਮ ਅੰਦਾਜ ਹੋ ਅਰ ਬੀਮਾਰੀ ਗਰਮ ਹੈ ਬੌਰਾਨ ਸਤਵੇਂ ਦਿਨ ਹੋਗਾ ਅਰ ਜੇਕਰ ਹੌਲਾ ਹੋਵੇਗਾ ਤਾਂ ਉਨੀਵੇਂ ਦਿਨ ਹੋਗਾ ਅਰ ਜੇਕਰ ਯੌਮ ਅੰਦਾਜ ਚੌਥਾ ਦਿਨ ਹੈ ਅਰ ਨਿਸ਼ਾਨ ਬੁਰੇ ਮਾਲੂਮ ਹੁੰਦੇ ਹਨ ਬੌਰਾਨ ਛਟੇ ਦਿਨ ਹੋਗਾ ਅਗਰ ਯੌਮ ਅੰਦਾਜ਼ ਸਤਵੇਂ ਦਿਨ ਹੈ ਬੌਰਾਨ ਯਾਰਵੇਂ ਦਿਨ ਯਾ ਚੌਧਵੇਂ ਦਿਨ

ਹੋਗਾ ਅਰ ਜੇਕਰ ਯਾਰਵੇਂ ਦਿਨ ਵਾਰੀਛੇਤੀਆਏ ਅਰ ਤਪ ਬਹੁਤ ਗਰਮ ਹੋ ਅਰ ਨੁਜਜ਼ ਕਾ ਨਿਸਾਨ ਜ਼ਾਹਿਰ ਹੋ ਬੌਰਾਨ ਚੌਧਵੇਂ ਦਿਨ ਹੋਗਾ ਅਰ ਨੁਜਜ਼ ਕੇ ਨਿਸ਼ਾਨ ਚੌਧਵੇਂ ਦਿਨ ਜ਼ਾਹਿਰ ਹੋਨ ਬੌਰਾਨ ਸਤਾਰਵੇਂ ਯਾ ਅਠਾਰਵੇਂ ਯਾ ਬੀਸਵੇਂ ਯਾ ਇਕੀਸਵੇਂ ਦਿਨ ਹੋਗਾ ਅਰ ਬਹੁਤਾ ਬੀਸਵੇਂ ਦਿਨ ਹੁੰਦਾ ਹੈ ਅਰ ਜੈਸਾ ਕਿ ਚੌਥਾ ਦਿਨ ਸਤਵੇਂ ਦਿਨਦੀ ਖਬਰ ਦਿੰਦਾ ਹੈ ਅਰ ਯਾਰਵਾਂ ਚੌਧਵੇਂ ਦਿਨ ਕੀ ਖਬਰ ਦੇਂਦਾ ਹੈ ਅਰ ਐਸਾਹੀ ਸਤਾਰਵਾਂ ਦਿਨ ਬੀਸਵੇਂ ਦਿਨਕੀ ਯਾ ਇਕੀਸਵੇਂ ਕੀ ਖਬਰਸੁਨਾਤਾ ਹੈ ਅਰ ਅਠਾਰਵਾਂਇਕੀ ਸਵੇਂ ਦਿਨ ਕੀ ਖਬਰ ਕਰਤਾ. ਹੈ ਅਰ ਬਹੁਤ ਨੁਜਜ਼ ਕਾ ਅਸਰ ਸਤਾਰਵੇਂ ਦਿਨ ਜ਼ਾਹਿਰ ਹੁੰਦਾ ਹੈ ਔਰ ਨਤਾਕਤਾ ਹੁੰਦਾ ਹੈ ਅਰ ਬੌਰਾਨ ਇਕੀਸ ਸੇ ਨਿਕਲ ਕਰ ਚਲੀਸ ਪਰ ਪਹੁੰਚਤਾ ਹੈ ਅਰ ਬੀਸਵਾਂ ਦਿਨ ਚਾਲੀਸਵੇਂ ਦਿਨ ਕਾ ਅੰਦਾਜ਼ਾ ਕਰਤਾ ਹੈ ਅਰ ਅਯਾਮ ਵਾਕਿਆ ਫੀਅਲਵਸ ਤ ਮੈ ਜਬ ਕਿ ਤੀਸਰੇ ਦਿਨ ਨਿਸ਼ਾਨ ਜਾਹਿਰ ਹੋਨ ਬਹੁਤ ਬੁਰੇ ਹੈਨ ਬੌਰਾਨ ਛਟੇਦਿਨ ਹੋਗਾ ਅਰ ਪੰਜ ਿਦਿਨਨਾਵੇਂ ਦਿਨ ਕੀ ਮਦਦਾਂ ਕਰਤਾ ਹੈ ਐਪਰ ਜੇਕਰ ਬੜੇ ਨਿਸ਼ਾਨ ਹੋਨ ਬੌਰਾਨ ਅਠਵੇਂ ਦਿਨ ਹੋਗਾ॥ ਖਬਰਦਾਰੀ॥ ਬਹੁਤਾ ਹਾਦੇ ਦੇ ਰੋਗਾਂ ਵਿਚ ਐਸਾ ਹੁੰਦਾ ਹੈ ਕਿ ਬੌਰਾਨ ਕੇ ਦਿਨਾਂ ਤਿੰਨਾ ਦੇ ਨਿਸ਼ਾਨ ਬਰਾਬਰ ਹੁੰਦੇਹੈਂ ਯਾਨੇ ਬੌਰਾਨ ਤਿੰਨ ਦਿਨ ਮੈ ਪੂਰਾ ਹੋਜਾਂਦਾ ਹੈ ਅਰ ਸਮਝਨਾ ਚਾਹੀਏ ਕਿਇਨ

ਤਿੰਨ ਦਿਨ ਮੈ ਸੇ ਜਿਸ ਰੋਜ ਕਿ ਬੌਰਾਂਨ ਕੇ ਨਿਸਾਨ ਬਹੁਤਿਆਂ ਅਰ ਕਵੀ ਹੋਨ ਉਸੀ ਕੋ ਬੌਰਾਨ ਕਾ ਦਿਨ ਸੁਮਾਰ ਕਰਨਾਚਾਹੀਏ ਖਾਸਕਰ ਜੇਕਰ ਯੌਮ ਅੰਦਾਜ ਭੀ ਉਸਪਰ ਗਵਾਹੀ ਦੇ ਅਰ ਵੋ ਦਿਨ ਯੋਮ ਬਾਜੋਰੀ ਭੀ ਹੋ ਔਰ ਯੇਹੀ ਦਰੁਸਤ ਹੈ ॥ ਸਿਖਿਆ ॥ ਮੁਜਮਨਾ ਰੋਗਾਂ ਕੇ ਬੌਰਾਨ ਕੀ ਹਦ ਯੇਹ ਹੈ ਕਿ ਮੁਜਮਨ ਸੈਫੀਆ ਜਾੜੋਂ ਮੈ ਹਟ ਜਾਵੇ ਅਰ ਮੁਜਮਨ ਸਤਾਈਆਂ ਗਰਮੀਆਂ ਮੈ ਮੌਕੂਫ ਹੋਨ ਅਰ ਸਰਸਾਮ ਗਫਮ ਆਦਕਾਂਕਾਬੌਰਾਂਨ ਬਹੁਤਾ ਯਾਰਾਂ ਦਿਨ ਵਿਚ ਹੋਜਾਤਾਹੈ ਅਰ ਸਮਝਨਾ ਚਾਹੀਏ ਕਿ ਮੁਹਰਕਾ ਤਪਾਂਕਾ ਅਰ ਗਬ ਕਾ ਬੌਰਾਨ ਯਾਂ ਤਾਂ ਅਰਕ ਸੇ ਹੋਤਾ ਹੈ ਯਾਂ ਕੈ ਅਰ ਯਾ ਦਸਤਾਂ ਸੇ ਅਰ ਮੁਹਰਕਾ ਖਾਲਸ ਕਾ ਬੌਰਾਨ ਨਕਸੀਰ ਸੇ ਹੋਤਾ ਹੈ ਅਰ ਸਰਸਾਂਮ ਕਾਬੌਰਾਨ ਅਕਸਰ ਅਰਕ ਕਹੀਏ ਮੁੜਕੇ ਸੇ ਹੁੰਦਾ ਹੈ ਯਾ ਨਕਸੀਰ ਸੇ ਅਰ ਤਪ ਬਲਗਮੀ ਅਰ ਤਪ ਰਬਾ ਕਾ ਬੌਰਾਨ ਮੁੜਕੇ ਸੇਹੁੰਦਾਹੈ ਯਾ ਦਸਤਾਂ ਸੇ ਅਰ ਵਰਮ ਜਿਗਰ ਅਰ ਮੁਕਾਰ ਦੇ ਪਾਸੇ ਹੈ ਉਸਦਾ ਬੌਰਾਨ ਅਰਕਸੇ ਹੋਗਾਯਾ ਦ-ਸਤਾਂ ਸੇ ਅਰ ਮੁਹਦਬ ਕੀਜਾਨਬ ਮੈਹੈ ਤਾਂ ਅਰਕਸੇ ਹੋਗਾ ਯਾ ਇਦਰਾਰ ਕਹੀਏ ਇੰਦ੍ਰੀਝਾੜ ੇ ਅਰ ਸਿਰਦੇ ਰੋਗਾਂਦਾ ਬੌਰਾਨ ਮੁਖਾਤ ਸੇ ਹੋਤਾਹੈ ਯਾ ਦਮਾ ਸੇ ਯਾ ਸਦੀਦ ਸੇ ਛਿਕਾਂਨ ਮੈ ਸੇ ਛਨ ਕਰ ਆਤੀਹੈ ਅਰ ਅਜਾਤਨਫਸ ਕਹੀਏ ਸਾਸਾਂ ਦੇ ਜੋੜਾਂਦਾ ਬੌਰਾਨ ਨਫਸਸੇ ਯਾ ੇ ਖੰਘਾਰਸੇ ਹੁੰਦਾਹੈ

ਅਰ ਮਾਦੇ ਪਤਲੇਕਾ ਬੋਰਾਨਮੁੜਕੇਸੇ ਹੁੰਦਾ ਹੈ ਅਰ ਮੁਅ-
ਤਦਿਲ ਕਾ ੌਰਾਨ ਨਕਸੀਰ ਸੇ ਯਾ ਇਦਰਾਰ ਦਸਤਾਂ ਸੇ
ਯਾ ਕੈ ਸੇ ਔਰ ਖੂੰਨ ਬਵਾਸੀਰ ਕਾ ਖੁਲਨਾ ਬਹੁਤਿਆਂ ਰੋਗਾਂ
ਵਿਚ ਨੇਕ ਬੋਰਾਨ ਹੈ ਖਾਸ ਕਰ ਜਿਥੇ ਕਿਤੇ ਕਿ ਮੁਅ-
ਤਾਦ ਹੋ ਗਿਆ ਹੋ ਅਰ ਸਭ ਬੋਰਾਨਾ ਮੈ ਬੜਾ ਅਛਾ ਅਰ
ਪੂਰਾ ਨਕਸੀਰ ਹੈ ਫਿਰ ਦਸਤ ਫਿਰ ਕੈ ਫਿਰ ਇੰਦ੍ਰੀਝਾੜ
ਫਿਰ ਮੁੜਕਾ ਹੈ ॥ ਫਾਇਦਾ ॥ ਇਸ ਬਾਤਦਾ ਪਹਿਚਾਨ-
ਨਾ ਕਿ ਬੋਰਾਨ ਕਿਸ ਤਰਫ ਸੇ ਹੋਗਾ ਸੋ ਜਦ ਮਾਦੇਕਾ ਮੈ-
ਲਾਨ ਉਪਰਲੇ ਪਾਸੇ ਹੁੰਦਾਹੈ ਉਸਦੇ ਸਤ ਨਿਸ਼ਾਨਹੈਂ ਇਕ
ਤਾਂ ਸਦਾਅ ਦੂਸਰੇ ਦੁਵਾਰ ਅਰ ਸਦਗੈਨਮੈ ਗਿਰਾਨੀ ਤੀ-
ਸਰੇ ਤੈਨਨ ਅਰ ਦੂਈ ਚੌਥੇ ਕਾਨੋਂਮੇਇਕੋਵਾਰੀਹੀ ਬਹਿਰਾ
ਹੋਜਾਨਾ ਪੰਜਵਾਂ ਇਨਾਂ ਨਿਸ਼ਾਨਾ ਕੇ ਪਹਿਲੇ ਯਾ ਉਨਾਂ ਕੇ
ਸਾਥ ਕਾਨਮੈ ਗਿਰਾਨੀ ਅਰ ਸਾਸਾਂ ਵਿਚ ਤੰਗੀਕਾ ਹੋਨਾ
ਛਠਵਾਂ ਪੇਟ ਦੀਆਂ ਪਸਲੀਆਂ ਦਾ ਸਿਰ ਉਪਰਲੇ ਪਾਸੇ
ਬਿਨਾ ਦਰਦ ਕੇ ਖਿਚਿਆ ਜਾਨਾਂ ਸਾਤਵਾਂ ਸਿਰ ਗਰਮ
ਹੋਨਾ ਫਿਰ ਜੇਕਰ ਇਨਾਂਨਿਸ਼ਾਨਾਂਦੇ ਨਾਲ ਅੱਖੀਆਂ ਗਹਿ-
ਰੀਆਂ ਹੋਜਾਨ ਅਰ ਹੇਠਲੇ ਹੋਂਠ ਭੜਕਨੇ ਲਗੇ ਅਰ ਮੂੰਹ
ਸੇ ਪਾਨੀ ਆਏ ਅਰ ਗਸ਼ੀਆਂ ਉਪਜਣ ਅਰ ਮੇਧੇਦਾ ਮੂੰਹ
ਦਰਦ ਕਰੇ ਅਰ ਦਿਲ ਵਿਚ ਇਜਤਰਾਬ ਪੜੇ ਤਾਂ ਸਮਝ-
ਨਾ ਚਾਹੀਏ ਕਿ ਬੋਰਾਨ ਕੈਸੇ ਹੋਗਾ ਖਾਸ ਕਰ ਜੇਕਰ ਤਪ
ਸਫਰਾਵੀ ਹੋ ਅਰ ਇਸ ਹਾਲ ਮੈ ਮੂੰਹ ਜਰਦ ਹੋਗਾ ਅਰ

ਜੇਕਰ ਅਖੀਆਂ ਦੇ ਸਾਮਨੇ ਸੁਰਖ ਖਤੂਤ ਮਾਲੂਮ ਹੋਨਅਰ ਮੂੰਹ ਅਰ ਅੱਖੀਆਂ ਅਰ ਨਕ ਲਾਲ ਹੋਜਾਣ ਅਰ ਅਖੀਆਂ ਵਿਚੋਂ ਧਕਾਧਕ ਹੰਝੂ ਆਵਣ ਤੇ ਨੱਕਨੂੰ ਖੁਰਕ ਹੋਵੇ ਅਰ ਸਿਰਦੀਆਂ ਨਾੜਾਂ ਵਿਚ ਜਰਬਾਨਹੋਵੇ ਤਾਂਸਮਝਨਾਚਾਹੀਏ ਕਿ ਬੌਰਾਨ ਰਿਧਾਫ ਯਾਨੇ ਨਕਸੀਰ ਮੇ ਹੋਗਾ ਸੁਭਾਵਕ ਜੇਕਰ ਬੀਮਾਰੀ ਲੋਹੂਵਾਲੀ ਅਰ ਬੀਮਾਰ ਜਵਾਨਹੋਵੇ ਅਰ ਮਾਦਾ ਸਫਰਾਵੀ ਭੀ ਅਕਸਰ ਰਿਜਾਫਕਾ ਬੌਰਾਨ ਕਰਤਾ ਹੈ ਅਰ ਉਸਦਾ ਨਿਸਾਨ ਹੈ ਕਿ ਅੱਖੀਆਂ ਦੇ ਸਾਮਨੇ ਪੀਲੇ ਖਿਆਲ ਨਜਰ ਆਉਣ ਅਰ ਤਪ ਮੁਹਰਕਾ ਹੋ ਅਰ ਬੌਰਾ-ਨ ਕੇ ਦਿਨ ਜਾੜਾ ਮਾਲੂਮ ਹੋਨਾ ਅਰ ਚਮੜੇ ਮੈ ਖੁਸਕੀ ਕਾ ਹੋਨਾ ਦੋਨੋ ਨਕਸੀਰ ਦੇ ਲਛਣ ਹੈਨ ਬਸਰਤੇਕਿ ਸਲਾ ਮਤੀ ਦੇ ਦੂਸਰੇ ਲਛਣ ਜਾਹਿਰ ਹੋਨ ਅਰ ਨਹੀ ਤਾਂ ਮੌਤ ਕੇ ਲਛਣ ਹਨ ਅਰ ਚੰਗੀ ਨਕਸੀਰ ਓਹ ਹੈ ਕਿ ਜਿਸ ਪਾਸੇ ਬੀਮਾਰੀ ਕਾ ਮਾਦਾ ਹੋਵੇ ਉਸੇ ਪਾਸਿਓਂ ਹੋਵੇ ਅਰ ਜਦ ਮਾਦੇ ਕਾ ਮੈਲਾਨ ਅਸਫਲ ਮੈ ਹੋਤਾਹੈ ਉਸਦੇਨਿਸ਼ਾਨ ਯੇਹ ਹੈ ਜੋ ਬੀਮਾਰਨੂ ਹੇਠਲੇ ਸਰੀਰ ਵਿਚ ਦੁਖ ਅਰ ਗਰ ਮੀ ਮਾਲੂਮ ਹੋਵੇ ਅਰ ਰਾਨਕੇ ਗੋਸੇ ਮੈਯਾਨੇ ਚਡਿਆਂ ਮੈ ਯਾ ਚਿਤੜਾਂ ਵਿਚ ਭਰਪੂਰੀ ਮਾਲੂਮ ਹੋਵੇ ਅਰ ਜੋ ਕੁਛ ਉਪਰਲੇ ਪਾਸਿਆਂ ਵਿਚ ਮੈਲਾਨ ਮਾਦੇਕੇ ਨਿਸ਼ਾਨ ਗੁਜਰੇ ਵੋਹ ਬਿਲਕੁਲ ਨਾ ਹੋਨ ਫਿਰ ਜੇਕਰ ਕਜੀਬ ਕੇ ਸਿਰਮੈ ਸੜਨ ਹੋ ਅਰ ਮਸਾਨੇ ਵਿਚ ਗਿਰਾਨੀ ਅਰ ਪੇਸਾਬ ਗਾੜ੍ਹਾ ਆਏ

ਅਰ ਸੁਭਾਉ ਕੋਲੋਂ ਬਹੁਤਾ ਅਰ ਰਸੂਬਕਹੀਏਛਿਲੜ ਜੇਹੇ ਜਾਹਿਰ ਹੋਨ ਅਰ ਤਬਾ ਵਿਚ ਕਬਜੀ ਅਰ ਮੁੜਕਾ ਘਟ ਆਵੇ ਤਾਂ ਸਮਝਨਾ ਚਾਹੀਏ ਕਿ ਬੋਰਾਨ ਇੰਦ੍ਰੀਝਾੜ ਪੇਸ਼ਾਬ ਸੇ ਹੋਗਾ ਅਰ ਇੰਦ੍ਰੀਝਾੜ ਕਾ ਬੋਰਾਨ ਸਿਆਲ ਵਿਚ ਹੋਰ ਨਾਂ ਬਹਾਰਾਂ ਕੋਲੋਂ ਬਹੁਤਾ ਹੁੰਦਾ ਹੈ ਅਰ ਜੇਕਰ ਪੇਟ ਵਿਚ ਗੁੜ ਗੁੜ ਹੋਵੇ ਅਰ ਝਾੜਾ ਪੇਸਾਬ ਸਖਜ ਜੇਹਾ ਆਵੇ ਅਰ ਸਾਰੇ ਸਰੀਰ ਵਿਚ ਖਾਸਕਰ ਨਾਫ ਕੇ ਨੀਚੇ ਪੇਚਸ਼ ਕਹੀਏ ਮਰੋੜਾ ਅਰ ਗਿਰਾਨੀ ਮਾਲੂਮ ਹੋਵੇ ਅਰ ਨਬਜ ਸਗੀਰ ਕਹੀਏ ਭਾਰੀ ਅਰ ਤਕੜੀ ਅਰ ਸਖਤ ਹੋ ਸਮਝਨਾਂ ਚਾਹੀਏ ਕਿ ਬੋਰਾਨ ਦਸਤਾਂਦਾਹੋਵੇਗਾ ਖਾਸਕਰਜੇਕਰ ਤਪ ਸਫਰਾਵੀ ਮੈ ਬਹੁਤ ਪਾਨੀ ਪੀਨੇਕਾਇਤਬਾਰ ਹੋਜਾਏ ਅਰ ਪੇਸਾਬ ਚਿਟਾ ਅਰਪਤਲਾ ਹੋ ਯਾ ਰੋਗੀਦਾ ਅਜੇਹਾ ਸੁਭਾਉ ਹੋਵੇ ਕਿ ਉਸਦੀ ਤਬੀਯਤ ਨਰਮ ਹੋਇਆ ਕਰਦੀ ਹੈ ਅਰ ਦੂਸਰਾ ਝਾੜ ਘਟ ਹੁੰਦਾਹੈ ਅਰ ਜੇਕਰ ਬੀਮਾਰ ਇਸ ਤ੍ਰੀ ਹੋ ਅਰ ਕਮਰ ਰਹਮ ਵਿਚ ਦਰਦਅਰ ਗਿਰਾਨੀ ਪੈਦਾ ਹੋ ਅਰ ਦੂਸਰੇ ਬੋਰਾਨਕਾ ਕੋਈ ਨਿਸਾਨ ਮਲੂਮ ਨ ਹੋਵੇ ਤਾਂ ਸਮਝਨਾਂ ਚਾਹੀਏ ਕਿ ਬੋਰਾਨ ਹੈਜ਼ ਨਾਲ ਹੋਵੇਗਾ ਖਾਸ ਕਰ ਜੇਕਰ ਉਸਦੀ ਆਦਤ ਦਾ ਵਕਤ ਨੇੜੇ ਹੋਵੇ ਅਰ ਜੇਕਰਮੁਕਾਦਕਹੀਏਗੁਦਾਵਿਚ ਦਰਦ ਅਰ ਬੋਝ ਉਤਪਤਿ ਹੋਵੇ ਅਰ ਪਿਠ ਅਰ ਕਮਰ ਦਰਦ ਕਰੇ ਅਰ ਨਬਜ਼ ਵਿਚ ਕੁਛ ਭਾਰ ਅਰਕੁਵਤਹੋਅਰਦੂਸਰੇਬੋਰਾਨੋਂ ਕੇ ਨਿਸਾਂਨ

ਜ਼ਾਹਿਰ ਨਾ ਹੋਨ ਤਾਂ ਸਮਝਨਾ ਚਾਹੀਏ ਕਿ ਗੁਦਾ ਦੀਆਂ ਨਾੜਾਂ ਦੇ ਖੁਲਨੇ ਨਾਲ ਬੋਰਾਨ ਹੋਵੇਗਾ ਸੁਭਾਵਕ ਜੇਕਰ ਬੀਮਾਰ ਉਸਕਾ ਮੁਅਤਾਦ ਹੈ ਅਰ ਜਦ ਮਾਦੇ ਕਾ ਮੈਲਾਨ ਮੁੜਕੇ ਦੇ ਪਾਸੇ ਹੁੰਦਾ ਹੈ ਉਸਦੇ ਲਛਨ ਏਹ ਹੈਨ॥ ਕਿ ਪੇਸ਼ਾਬ ਘਟ ਆਏ ਅਰ ਤਬੀਯਤ ਵਿਚ ਖ਼ੁਸ਼ਕੀਹੋ ਅਰ ਜ਼ਾਹਿਰਾ ਪੋਸਤ ਕਹੀਏ ਚਮੜਾ ਖੁਸਕ ਮਾਲੂਮ ਹੋ ਅਰ ਸਰੀ-ਰ ਗਰਮ ਹੋਵੇ ਅਰ ਬੁਖਾਰ. ਗਰਮ ਅਰ ਤਰ ਉਠੇ ਅਰ ਨਬਜ ਨਰਮ ਅਰ ਮੋਟੀ ਹੋਵੇ ਅਰ ਪੇਸਾਬਜਿਤਨਾਕਆਇ ਰੰਗਦਾਰ ਅਰ ਗਾੜਾ ਹੋਵੇ ਖਾਸਕਰ ਜੇਕਰ ਚੌਥੇਦਿਨ ਰੰਗ ਦਾਰ ਅਰ ਸਤਵੇਂ ਦਿਨਗਾੜਾਹੋਜਾਏ ਅਰਜਿਸਜਗਾਸਰੀਰ ਪਰ ਹਥ ਰਖੀਏ ਅਰ ਕਿਤਨਾਕੁਚਿਰਰਖਿਆਰਹਿਣਦੇਵੇ ਵੋਹ ਜਗਾਬਹੁਤੀ ਗਰਮ ਮਾਲੂਮ ਹੋਵੇ ਸੋ ਜਦ ਏਹ ਲਛਣ ਪਰਗਟ ਹੋਨ ਤਾਂ ਏਹਕਹਿਦੇਨਾਚਾਹੀਏ ਕਿ ਬੌਰਾਨਪਸੀਨੇ ਸੇ ਹੋਵੇਗਾ ਅਰ ਬੀਮਾਰ ਨੂ ਸੁਫਨੇ ਵਿਚ ਹਮਾਮ ਅਰ ਆਬਜਨ ਅਰ ਗੁਸਲ ਕਹੀਏ ਇਸਨਾਨ ਕੀ ਤਦਬੀਰਾਂਕਾ ਦਰਸਨ ਕਰਨਾਂ ਇਸ ਗਲ ਦੀ ਦਲੀਲ ਦਸਦੇ ਹੈਨ ਕਿ ਬੌਰਾਨ ਮੁੜਕੇ ਸੇ ਆਵੇਗਾ ਅਰ ਬੌਰਾਨ (ਇੰਨਤਕਾਲੀ ਕਹੀਏ ਬਦਲਜਾਨਾ ਕਿਸੇ ਹੋਰਰੋਗ ਨਾਲ) ਦਾਲਖਣ ਏਹੁ ਹੈ ਕਿ ਤਪ ਦਾ ਤਕੜਾ ਹੋਜਾਨਾ ਅਰ ਇਸਤਫਰਾਗ ਨਾ ਹੋਨਾ ਅਰ ਨੁਜਜ ਕਹੀਏ ਮਾਦੇ ਪਕਣੇਦਾ ਅਸਰਪਰਗਟ ਨਾ ਹੋਨਾ ਅਰ ਸਾਰਿਆਂ ਜੋੜਾਂ ਵਿਚ ਯਾ ਇਕ ਜੋੜ ਦਰਦ

ਜਰੂਰੀਹੋਨਾ ਅਰ ਕੋਈਬੜ੍ਹਾਤੇਨਿਹ ਇਤਡਰਵਾਲਾ ਨਿਸ਼ਾਨ
ਨਾ ਹੋਨਾ ਪਰੰਤੂ ਨੁਜਜ਼ਕਾ ਨਾ ਹੋਨਾ ਸੋ ਜਿਸਵੇਲੇਏਹ ਨਿ-
ਸ਼ਾਨ ਪਰਗਟ ਹੋਨ ਅਰ ਨਬਜ ਤਕੜੀ ਅਰ ਉਸ ਵਿਚ
ਭਾਰ ਭੀ ਹੋਵੇ ਹੁਕਮ ਦੇਨਾਚਾਹੀਏ ਕਿ ਬੋਹਰਾਨਇਨਤਕਾਲੀ
ਹੋਵੇਗਾ ਫੇਰ ਜੇੜ੍ਹਾ ਜੋੜ ਕਿ ਬਹੁਤ ਨਤਾਕਤਾ ਅਰ ਬਹੁਤ
ਗਰਮ ਹੋਵੇ ਅਰ ਦਰਦ ਕਰੇ ਅਰ ਉਸ ਜੋੜਦੀਆਂ ਨਾੜੀ-
ਆਂ ਮੈ ਅਰ ਉਸ ਜੋੜ ਦੇ ਉਦਾਲੇ ਵਿਚ ਭਰ੍ਹੂਰੀ ਹੋਵੇ
ਸਮਝਨ ਚਾਹੀਏ ਕਿ ਮਾਦਾ ਅਪਨਾ ਅਸਥਾਨ ਛਡ ਕਰ
ਉਸ ਜੋੜ ਪਰ ਗਿਰਨੇ ਵਾਲਾ ਹੈ ਔਰ ਬਾਜੇ ਬੋਹਰਾਨ
ਇੰਨਤਕਾਲੀ ਜੈਦਹੁੰਦਾਹੈ ਅਰ ਬਾਜੇ ਰਦੀ ਜਿਸਤਰਾਂ ਕਿ
ਇਸਦੀ ਗਿਣਤੀ ਉਪਰ ਵੇਰਵੇ ਨਾਲ ਲਿਖੀ ਗਈ ਹੈ ਅਰ
ਜਿਸ ਵੇਲੇ ਮਾਲੂਮ ਹੋਵੇ ਕਿ ਮਾਦਾ ਅਪਨਾ ਅਸਥਾਨ
ਤਿਆਗਕਰ ਕਿਸੇ ਹੋਰ ਜੋੜ ਪਰਜਾਨਾ ਚਾਹਤਾਹੈ ਅਰ
ਉਸ ਜੋੜ ਪਰ ਮਾਦੇ ਗਿਰਨੇ ਸੇ ਭਾਰੀ ਬਲਾ ਉਤਪਤਿ ਹੋ
ਜਾਵੇਗੀ ਤਾਂ ਉਸ ਵੇਲੇ ਚਾਹੀਦਾ ਹੈ ਕਿ ਉਸ ਜੋੜ ਨੂੰ
ਕੁਵਤ ਦੇਵੇ ਅਰ ਮਾਦੇ ਨੂ ਫੇਰ ਕਰ ਕਿਸੇ ਹੋਰ ਜੋੜ ਉਤੇ
ਸੁਟ ਦੇਵੇ ਜੋ ਉਸ ਜੋੜ ਕੋਲੋਂ ਹੌਲਾਹੈ ਅਰਉਸ ਉਤੇ ਸੁਟਣ
ਨਾਲ ਦੁਖ ਬੀ ਘਟ ਪਹੁਚੇਏਹ ਬਾਤ ਸੋਚਲੇਵੇ ਅਰਸੁਖਾਲੇ
ਰਸਤੇ ਮਾਦੇ ਨੂ ਫੇਰਨਾ ਚਾਹੀਏ ਅਰ ਅਜੇਹੇ ਮਾਦੇਦਾ ਫੇ-
ਰਨਾ ਉਸਦੀ ਫਹਿਸ ਵਿਚ ਲਿਖਿਆਜਾਏਗਾ ਓਥੋਂ ਦੇਖਕੇ
ਸਮਝ ਕੇ ਵਰਤ ਲੇਵੇ ਅਰ ਸਮਝਨਾ ਚਾਹੀਏ ਕਿ

ਚਾਹੇ ਦੁਰਾਡੇ ਜੋੜ ਵਿਚ ਚਾਹੇ ਨੇੜੇ ਦੇ ਜੋੜ ਵਿਚ ਜੈਸੇ ਕਿਸੇ ਸ਼ਖਸ ਦੇ ਤਾਲੂ ਅਰ ਮੂਹ ਵਿਚੋਂ ਖੂਨ ਆਉਂਦਾ ਹੋਵੇ ਅਰ ਏਹ ਸਮਝੇ ਕਿ ਉਲਟੇ ਪਾਸੇ ਵਿਚਜੋੜਾਨੇੜੇਹੋਵੇਉਸ ਨੂ ਫੇਰ ਦੇਵੇ ਇਸਜਗਾ ਨਕ ਦਾ ਜੋੜ ਬਹੁਤਾ ਨੇੜੇ ਹੈ ਨਕ ਦੇ ਪਾਸੇ ਫੇਰ ਦੇਨਾ ਚਾਹੀਏ ॥ ਅਰ ਉਵਜ ਕਹੀਏ ਜੋੜ ਵਿਚ ਬਹੁਤ ਦੂਰ ਫੇਰ ਦੇਨਾ ਚਾਹੀਏ ਹੇਠਲਿਆਂ ਜੋੜਾਂ ਵਿੱਚੋਂ ਕੋਈ ਨਾੜੀ ਖੋਲੇ ਇਸੀ ਤਰਾਂ ਜੈਸੇ ਇਕ ਇ- ਸਤ੍ਰੀ ਨੂ ਬਵਾਸੀਰਦਾ ਆਰਜਾ ਕਹੀਏ ਦੁਖਹੈ ਔਰ ਨੇੜੇ ਦੇ ਜੋੜ ਵਿਚ ਉਸਨੂ ਫੇਰ ਦੇਨਾ ਚਾਹੀਏ ਹੈਜ ਦੇ ਤਰੀਕੇ ਪਰਫੇਰ ਦੇਵੇਂ ਅਰ ਜੇਕਰ ਉਸਨੂ ਬਹੁਤ ਦੂਰ ਕੇਜੋੜਵਿਚ ਫੇਰ ਦੇਨਾ ਚਾਹੀਏ ਉਪਰਲੇ ਅਧੇ ਪਾਸੇ ਵਿਚੋਂਕੋਈ ਨਾੜੀ ਖੋਲੇ ਅਰ ਇਸ ਵੇਲੇ ਇਸ ਬਾਤਦਾ ਇਹਾਦਾ ਕਰ ਲਵੇ ਕਿ ਜੋੜ ਪਰ ਮਾਦਾ ਨਾ ਆਏ ਮਾਦੇ ਦੇ ਨਾ ਆਉਣ ਦਾ ਪੂਰਾ ਕਨੂਨ ਏਹ ਹੈ ਕਿ ਪਹਿਲਾਂ ਦਰਦ ਨੂ ਬੰਦ ਕਰੇ ਬੰਦ ਕਰਨ ਦਾ ਏਹ ਮਤਲਬ ਹੈ ਕਿ ਜੋ ਦਰਦ ਮਾਦੇ ਨੂ ਅਪਨੇ ਪਾਸੇ ਖਿਚਕਰ ਲਿਆਂਵਦਾ ਹੈਫਿਰਜਿਸਵੇਲੇਕਿ ਦਰਦ ਬੰਦ ਹੋਵੇਗਾ ਮਾਦੇ ਦਾ ਹਟਾਨਾ ਬਹੁਤ ਸੁਖਾਲਾ ਅਰ ਬੇ ਮੁਜਾਬਤ ਕਹੀਏ ਬੇਦੁਖ ਹਟ ਆਵੇਗਾ ਅਰਕਿਸੀ ਵਜਾਸੇ ਉਜਵ ਸਰੀਫ ਅਰ ਉਜਵਕਵੀਹਿਸਕਹੀਏਤਕੜੀ ਹਿਸ ਵਾਲੇ ਵਿਚ ਅਰ ਜੋੜ ਜਈਫ ਕਹੀਏ ਨਤਾਕਤੇ ਵਿਚ ਮਾਦਾ ਲਿਆਉਣਾ ਚਾਹੀਏ ਅਰ ਜਿਸਤਰਾਂਹੋਸਕੇ ਉਜਵ

ਖਸੀਸ ਕਹੀਏ ਨਕਮਾ ਜੋੜ ਮਾਦਾ ਉਸਪਰ ਲਿਆਵੇ ਜੋ
ਉਸ ਜੋ ਤੋਂ ਬਹੁਤ ਨੇੜੇ ਹੋਵੇ ਅਰ ਤਕੜੀ ਅਰ ਉਸ
ਵਿਚ ਹਿਸ ਕਹੀਏ ਪਰਖ ਬਹੁਤ ਘਟ ਹੋ ਜਾਂਨਾ ਚਾਹੀਏ॥
ਅਰ ਜਦ ਮਾਦੇ ਨੂੰ ਫੇਰ ਦੇਨੇ ਵਿਚ ਜ਼ਰੂਰਤ ਸਮਝੇ ਦੇਰ
ਨਾ ਲਾਵੇ ਕਿਉਂਕਿ ਪਹਿਲ ਵਿਚ ਫੇਰ ਦੇਨਾ ਬੜਾ ਸੁਖਾਲਾ
ਹੈਇਸਜਿਹਰ ਕਹੀਏਸੋਚ ਜੇਕਿਆਜੇਮਾਦਾਬਹੁਤਨਿਹਾਇਤ
ਥੋ ਹੈਅਰਏਹਭੀਜਾਹਿਰ ਹੋਵੇ ਕਿਜੇਕਰਸਰੀਰਵਿਚਮਾਦਾ
ਥੋੜਾ ਅਮੂਰ ਕਲੀਅਲ ਹਰਕਤ ਹੈ ਯਾਨੇਥੋੜਾ ਮਾਦਾ ਥੋੜੀ
ਹਰਕਤ ਵਾਲਾ ਹੈ) ਬਗੈਰ ਇਸਤਫਰਾਗ ਕੇ ਉਸ ਮਾਦੇਦਾ
ਫੇਰ ਦੇਨਾ ਕਾਫੀ ਹੈ ਔਰ ਕੁਛ ਦੁਖ ਨਹੀਂ ਦਿੰਦਾ ਐਪਰ
ਜੇਕਰ ਬਦਨ ਮੈ ਇਮਤਿਲਾ ਕਹੀਏ ਭਰਪੂਰੀ ਮਾਂਦੇ ਦੀਹੈ
ਅਰ ਮਾਦਾ ਕਸੀਰਅਲ ਹਰਕਤ ਕਹੀਏ ਬਹੁਤਾ ਫੇਰਨ
ਵਾਲਾਹੈ ਅਮਾਲਾਮਇਇਸਤਰਫਰ ਗਕਰੀਸੇਮਾਦੇਦਾਫੇਰਨਾ
ਸਮੇਤਝਾੜਦੇਕਰਨਾਚਾਹੀਏ (ਇਸਤਫਰਾਗਇਕਐਸਾ ਨਾਮ
ਹੈ ਜਿਸ ਵਿਚ ਸਬਤਰਾਂ ਦਾ ਝਾੜ ਪਾਇਆ ਜਾਂਦਾ ਹੈ ਜੈਸੇ
ਦਸਤ ਅਰ ਕੈ ਅਰ ਨਕਸੀਰ ਅਰ ਹੈਜ ਇਤਆਦਿਕ ਔਰ
ਭੀ ਅਨੇਕ ਹੈਨ ਅਰ ਅਸਲ ਮਤਬਲ ਇਸਦਾਸਰੀਰਵਿਚੋਂ
ਕੁਛ ਕਢ ਦੇਨ ਦਾ ਨਾਮ ਇਸਤਫਰਾਗ ਹੈ)॥
ਤਾਕਿ ਕੋਈ ਦੂਸਰੀ ਆਫਤ ਕਹੀਏ ਬਲਾ ਨ ਉਤਪਤਿ
ਹੋਵੇ ਅਰ ਉਸਦੇ ਇਖਰਾਜ ਕਹੀਏ ਨਿਕਾਲਨੇ ਵਾਸਤੇ
ਉਸਦੇਬਰਾਬਰ ਦੇ ਜੋੜ ਅਰਖਿਲਤਾਂਦੀ ਰਿਆਇਤ ਸਮਝੇ

ਜੈਸੇ ਜੇਕਰ ਮਾਦਾ ਸਜੇ ਹਥ ਦੇ ਪਾਸੇ ਵਿਚ ਹੈ ਫਸਦ ਖਬੇ ਹਥ ਵਿਚ ਕਰਨਾ ਚਾਹੀਏ ਯਾ ਸਜੇ ਪੈਰ ਵਿਚ ਅਤ ਉਸਦੇ ਉਲਟਾ ਅਰ ਜੇਕਰ ਸਜੇ ਪਾਸੇ ਵਿਚ ਉਪਰਲੇ ਪਾਸੇ ਵਿਚ ਹੈ ਓਸੇ ਪਾਸਿ ਦੀ ਨਾੜ ਖੋਲਨੀ ਚਾਹੀਏ ਸਜੇ ਹੱਥ ਵਿਚ ਯਾਂ ਸਜੇ ਪੈਰ ਵਿਚ ਅਰਜੇਕਰ ਖਬੇ ਪਾਸੇ ਵਿਚ ਉਪਰਲੇ ਪਾਸੇ ਝੁਕਿਆ ਹੋਵੇ ਖਬੇ ਹਥ ਵਿਚ ਯਾ ਖਬੇ ਪੈਰ ਵਿਚ ਫਸਦਾ ਕਰੇ ਅਰ ਏਸੇਤਰਾਂ ਜੇਕਰ ਮਾਦਾ ਸਜੇ ਪੈਰ ਵਿਚ ਹੈ ਫਸਦਾ ਬੀ ਸਜੇ ਹਥ ਵਿਖੇਕਰੇ ਅਰਜੇਕਰ ਖਬੇ ਪੈਰਵਿਚਹੈ ਖਬੇ ਹਥ ਦੀ ਨਾੜੀ ਖੋਲੇ ਕਿਓਂਕਿ ਮੁਕਾਬਲੇਦੇ ਪਾਸੇ ਮਾਦਾ ਸੁਖਾਲਾਂ ਨਿਕਲਦਾ ਹੈ ॥

ਅਰ ਏਸੇਤਰਾਂ ਜਿਸ ਵੇਲੇ ਕਿ ਜਿਗਰ ਦਾ ਮਾਦਾ ਫਿਰਾਨਾ ਚਾਹੀਏ ਖਬੇ ਹਥ ਵਿਚ ਖੋਲਨਾ ਚਾਹੀਏ ਅਰ ਦਿਲ ਅਰ ਤਿਲੀ ਦੇ ਮਾਦੇ ਕੇ ਵਾਸਤੇ ਸਜੇ ਹਥ ਵਿਚ ਖੋਲੇ ਅਰ ਏਹ ਜੋਆਖਿਆਹੈ ਕਿ ਮਾਦਾਅਹਿਸਾਕਹੀਏ ਝਿਲੀ ਦੇ ਨਿਕਾਲਨੇ ਵਿਚ ਮੁਖਾਲਫਤ ਕਹੀਏ ਉਲਟੇ ਦੀ ਰਿਆਇਤ ਚਾਹੀਏ ਵੋਹ ਏਸ ਸੂਰਤ ਵਿਚ ਹੈ ਕਿ ਮਾਦਾ ਅਬੀ ਆਕਰ ਗਿਰਤਾ ਅਰ ਜਿਸ ਵੇਲੇ ਕਿ ਮਾਦੇ ਦਾ ਜੋਸ਼ ਥੰਮਗਿਆ ਅਰਜੋਰਤੋਂ ਡਗਨਾ ਹਟ ਗਿਆ ਉਸਵੇਲੇ ਇਨਾਂ ਰੋਗਾਂਦੇ ਵਾਸਤੇਦੁਖ ਲੇ ਜੋੜਦੇ ਪਾਸੇ ਮੁਕਾਬਲੇ ਦੇ ਫਸਦ ਖੋਲਨਾਚਾਹੀਏਤਾ ਕ ਉਸ ਜੋੜ ਵਿਚੋਂ ਮਾਦਾ ਨਿਕਲੇ ਜੈਸਾਕਿ ਜਾਤੁਲਜੰਬ ਆਦਿਕ ਮੈ ਭੀ ਜਿਕਰ ਆਇਆਹੈ ਔਰ ਇਸੀ ਤਰਹਾਂ ਕਿ

ਜਿਸਵੇਲੇ ਜਾਹਿਰੇ ਜੋੜ ਵਿਚ ਮਾਦਾ ਰਹਿਜਾਏ ਤਨਕੀਆ ਕਹੀਏ ਸਫਾਈ ਉਸੇ ਜੋੜ ਦੀ ਕਰਨੀ ਚਾਹੀਏ ਕਿਉਂਕਿ ਉਸਵਕਤ ਅਮਾਲਾਂ ਕਹੀਏ ਇਲਾਜ ਖੇਫਾਇਦਾ

ਇਸ ਕਰਕੇ ਖੇਫਾਇਦਾ ਹੈ ਕਿ ਉਸਕੀ ਹਰਕਤ ਕਹੀਏ ਹਿਲਣਾਂ ਹਟ ਗਿਆ ਹੈ ॥

ਰਸਾਲਾ ਤਪ ਸੰਪੂਰਨੰ

ਸੰਮਤ

ਸ੍ਰੀਗੁਰੂ ਨਾਨਕ ਸ਼ਾਹੀ

੪੪੪